ਜਸਵੰਤ ਜ਼ਫ਼ਰ



# ਇਹ ਬੰਦਾ ਕੀ ਹੁੰਦਾ

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

# ਇਹ ਬੰਦਾ ਕੀ ਹੁੰਦਾ

*Original with;*
Jaswant Singh Zafar
*Digitized by;*
Panjab Digital Library

**ਏਸ ਤੋਂ ਪਹਿਲਾਂ**

| | | |
|---|---|---|
| ਦੋ ਸਾਹਾਂ ਵਿਚਕਾਰ | (ਕਵਿਤਾ) | 1993, 2011, 2017 |
| ਅਸੀਂ ਨਾਨਕ ਦੇ ਕੀ ਲਗਦੇ ਹਾਂ | (ਕਵਿਤਾ) | 2001, 2002, 2007, 2011, 2014, 2016, 2019 |
| ਸਿਖੁ ਸੁ ਖੋਜਿ ਲਹੈ | (ਵਾਰਤਕ) | 2007, 2009, 2014, 2020 |
| ਇਹ ਬੰਦਾ ਕੀ ਹੁੰਦਾ | (ਕਵਿਤਾ) | 2010, 2013, 2020 |
| ਮੈਨੂੰ ਇਉਂ ਲੱਗਿਆ | (ਵਾਰਤਕ) | 2015, 2018 |
| ਭਗਤੁ ਸਤਿਗੁਰੂ ਹਮਾਰਾ | (ਵਾਰਤਕ) | 2015 |
| ਲਫ਼ਜ਼ਾਂ ਦਾ ਪਰਲਾ ਪੱਤਣ/ | (ਕਵਿਤਾ) | 2016 |
| ਪਿਆਰੇ ਆਓ ਘਰੇ | (ਕਵਿਤਾ) | 2018 |
| The Other Shore of Words | | |

*Original with;*
Jaswant Singh Zafar
*Digitized by;*
Panjab Digital Library

# ਇਹ ਬੰਦਾ ਕੀ ਹੁੰਦਾ

(ਕਵਿਤਾਵਾਂ)

ਜਸਵੰਤ ਜ਼ਫ਼ਰ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

*Original with;*
Jaswant Singh Zafar
*Digitized by;*
Panjab Digital Library

# Eh Banda Ki Hunda

*Poems by*

**Jaswant Singh Zafar ©**
# 28, Basant Vihar, Jawaddi,
Ludhiana - 141013
Mobile: 99888-03277
e-mail: jaszafar@yahoo.com

**ISBN : 978-81-7883-635-5**
**Rs. 150/- $5**
First Edition : 2010
Second Edition : 2014
Third Edition : 2020
*Printed and Bound In India*

*Published by*

**A Group of**

**Chetna Parkashan**

PUNJABI BHAWAN, LUDHIANA (Pb.) INDIA
**KOTKAPURA | CANADA | USA**
Ph. 0161-2413613, 2404928, (M) 98152-98459, 98762-07774
Ph.: 95011-45039
Website: www.chetnaparkashan.com
E-mail: chetnaparkashan@gmail.com, gulatipublishersltd@gmail.com

Printer : R.K. Offset, Delhi

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan

*Original with;*
Jaswant Singh Zafar
*Digitized by;*
Panjab Digital Library

ਪਤਨੀ

ਸਰਦਾਰਨੀ ਬਲਵੀਰ ਕੌਰ ਪੰਧੇਰ

ਲਈ

*Original with;*
Jaswant Singh Zafar
*Digitized by;*
Panjab Digital Library

ਨਾਚੰਤੀ ਗੋਪੀ ਜੰਨਾ
ਨਈਆ ਤੇ ਬੈਰੇ ਕੰਨਾ
ਤਰਕੁ ਨ ਚਾ
ਭ੍ਰਮੀਆ ਚਾ
ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ

*ਨਾਮਦੇਵ ਜੀ*

*Original with;*
Jaswant Singh Zafar
*Digitized by;*
Panjab Digital Library

# ਤਰਤੀਬ


'ਇਹ ਬੰਦਾ ਕੀ ਹੁੰਦਾ' ਦਾ ਕਾਵਿ -ਡਾ. ਸੁਤਿੰਦਰ ਸਿੰਘ ਨੂਰ 9
ਬੰਦਾ ........ 13
ਚੰਗਾ ਕਿ ਮੰਦਾ ........ 14
ਮੱਛਰ ਸਿੰਘ ........ 15
ਗੈਲੀਲੀਓ ........ 16
ਜੈਤਾ ਜੀਵਨ ਸਿੰਘ ........ 18
ਨਾਂ ਵਿਚ ਕੀ ਪਿਆ ........ 20
ਭਗਤ ਸਿੰਘ ........ 22
23 ਮਾਰਚ ........ 24
ਊਧਮ ਸਿੰਘ ........ 25
ਰਵੀ ਸਿੱਧੂ ........ 27
ਝੰਡਾ ਸਿੰਘ ਅਣਖੀ ........ 30
ਉਤਮ ਸਿੰਘ ........ 33
ਬਾਬਾ ........ 35
ਬਾਬੇ ਗਾਉਂਦੇ ........ 36
ਮਰਿਆਦਾ ........ 39
ਇਨਕਲਾਬ ........ 42
ਕਰਾਮਾਤ ........ 43
ਸ਼ਹੀਦੀ ਸ਼ਤਾਬਦੀ ........ 46
ਨੌਕਰਸ਼ਾਹੀ ........ 48
ਲੀਲ੍ਹਾ ........ 50
ਕੁੱਖਾਂ 'ਚ ਕਤਲ ਹੁੰਦੀਆਂ ਕੁੜੀਆਂ ........ 51
ਮਕਾਨ ਬਣਾਉਂਦਿਆਂ ........ 52
ਖ਼ੂਨ ਪਸੀਨਾ ਸਿਆਹੀ ........ 53
ਮਾਮੀ ਮਰੀ 'ਤੇ ........ 55
ਪਰਵਾਸੀ ........ 57
ਧਰਤੀ ਖੜ੍ਹੀ ਹੈ ........ 58
ਜਿਨ ਮੁਖਿ ਲੋਇਣ ਨਾਹਿ ........ 60



*Original with;*
Jaswant Singh Zafar
*Digitized by;*
Panjab Digital Library

| | |
|---|---|
| ਗੋਆ ਬੀਚ 'ਤੇ | 62 |
| ਸਾਮੂਹਿਕ ਵਿਆਹ | 64 |
| ਬੁਰਕੀ | 65 |
| ਅਮਰੀਕੀ ਟਾਵਰ ਡਿੱਗਣ 'ਤੇ | 66 |
| ਡਰ | 68 |
| ਮੁਕਤੀ | 69 |
| ਮੌਤ | 71 |
| ਨਸ਼ਾ | 72 |
| ਪੁਲ਼ | 74 |
| ਫੁੱਲ | 75 |
| ਤੰਗ ਦਿਲੀ | 76 |
| ਵਿਗਾੜ | 77 |
| ਉਮਰ | 79 |
| ਬੇਚੈਨੀ | 80 |
| ਤੁਸੀਂ ਬੜੇ ਚੰਗੇ ਲਗਦੇ ਹੋ | 81 |
| ਅੱਤਿਆਚਾਰ | 84 |
| ਪਤਾ ਨਹੀਂ | 86 |
| ਹਾਜ਼ਰ ਗ਼ੈਰਹਾਜ਼ਰ | 87 |
| ਸੰਜੋਗ ਵਿਯੋਗ | 88 |
| ਦੂਜੇ ਪਾਸੇ | 89 |
| ਬਹਾਨਾ | 90 |
| ਪਹਿਲੀ ਵਾਰ | 91 |
| ਨਿਸਚਤ | 92 |
| ਜਿਉਂਦੇ ਦੁਸ਼ਮਣ | 93 |
| ਆਪੋ ਆਪਣੀ | 95 |
| ਅਰਦਾਸ | 97 |
| ਇਕ 'ਚ ਅਨੇਕ | 98 |
| ਵੇ ਰਾਂਝਣਾ | 100 |
| ਨਦੀਏ ਨੀਂ | 101 |
| ਕਵੀ ਇਕੱਲਾ ਕਵਿਤਾ ਨਹੀਂ ਲਿਖਦਾ | 103 |


***


*Original by;*
Jaswant Singh Zafar
*Digitized by;*
Panjab Digital Library

## 'ਇਹ ਬੰਦਾ ਕੀ ਹੁੰਦਾ' ਦਾ ਕਾਵਿ

ਜਸਵੰਤ ਜ਼ਫ਼ਰ ਦਾ ਪਹਿਲਾ ਕਾਵਿ-ਸੰਗ੍ਰਹਿ **ਦੋ ਸਾਹਾਂ ਵਿਚਕਾਰ** ਭਾਵੇਂ 1993 ਵਿਚ ਸਾਹਮਣੇ ਆਇਆ, ਪਰ ਉਸਦੀ ਕਵਿਤਾ ਦੀ ਪਛਾਣ 2001 ਵਿਚ **ਅਸੀਂ ਨਾਨਕ ਦੇ ਕੀ ਲਗਦੇ ਹਾਂ** ਨਾਲ ਬਣੀ। ਕੇਵਲ ਪਛਾਣ ਹੀ ਨਹੀਂ ਬਣੀ, ਉਸਦੀ ਕਵਿਤਾ ਪਾਠਕਾਂ ਵਿਚ ਅਤਿ ਮਕਬੂਲ ਹੋਈ ਹੈ ਤੇ ਜਸਵੰਤ ਜ਼ਫ਼ਰ ਲਈ ਉਸ ਕਵਿਤਾ ਤੋਂ ਅਗ੍ਹਾਂਹ ਲੰਘਣਾ ਇਕ ਚੁਣੌਤੀ ਬਣ ਗਿਆ। ਪਰ ਕਵੀ ਇਕ ਬੱਝਵੀਂ ਪਛਾਣ ਤੇ ਬਹੁਤੀ ਦੇਰ ਗੁਜ਼ਰ ਬਸਰ ਨਹੀਂ ਕਰ ਸਕਦਾ। ਇਉਂ ਉਸਦੀ ਕਵਿਤਾ ਖੜੋਤ ਦਾ ਸ਼ਿਕਾਰ ਹੋ ਸਕਦੀ ਹੁੰਦੀ ਹੈ। ਇਹ ਵੀ ਸੰਭਵ ਹੁੰਦਾ ਹੈ ਕਿ ਕਵੀ ਉਸ ਪਛਾਣ ਵਿਚ ਗੁੱਸਿਆ ਜਾਵੇ, ਉਸ ਪਛਾਣ ਨੂੰ ਮੋਹ ਕਰਨ ਲੱਗੇ। ਜਸਵੰਤ ਜ਼ਫ਼ਰ ਇਸ ਬਾਰੇ ਚੇਤੰਨ ਰਿਹਾ ਹੈ ਤੇ **ਇਹ ਬੰਦਾ ਕੀ ਹੁੰਦਾ ਹੈ** ਉਸ ਦੀ ਅਗਲੇਰੀ ਤਲਾਸ਼ ਦਾ ਕਾਵਿ ਹੈ। ਇਹ ਤਲਾਸ਼ ਇਕੇਰਾਂ ਹੀ ਸੰਪੂਰਨ ਹੋ ਜਾਵੇ ਇਹ ਸੰਭਵ ਨਹੀਂ ਹੁੰਦਾ। ਇਸ ਤਲਾਸ਼ ਨੇ ਇਕ ਪ੍ਰਕਿਰਿਆ ਵਿਚੋਂ ਲੰਘਣਾ ਹੁੰਦਾ ਹੈ। ਆਸੇ ਪਾਸੇ ਕੀ ਵਾਪਰ ਰਿਹਾ ਹੈ, ਉਸ ਵਲੋਂ ਵੀ ਵਿਲੱਖਣ ਰਹਿਣ ਦਾ ਯਤਨ ਕਰਨਾ ਹੁੰਦਾ ਹੈ।

ਪਿਛਲੀ ਪਛਾਣ ਨੂੰ ਕਵੀ ਮੂਲੋਂ ਹੀ ਤਿਆਗ ਦੇਵੇ, ਇਕੇਰਾਂ ਹੀ ਕਠਿਨ ਹੁੰਦੈ। ਜ਼ਫ਼ਰ ਕਈ ਕਵਿਤਾਵਾਂ ਵਿਚ ਉਸ ਪਛਾਣ ਵਾਲੇ ਮੁਹਾਵਰੇ ਵਿਚ ਗੱਲ ਕਰਦਾ ਹੈ। ਜੈਤਾ ਜੀਵਨ ਸਿੰਘ, ਭਗਤ ਸਿੰਘ, ਊਧਮ ਸਿੰਘ ਵਰਗੀਆਂ ਕਵਿਤਾਵਾਂ ਸੰਬੰਧਤ ਨਾਇਕਾਂ ਨੂੰ ਵੀ ਉਘਾੜਦੀਆਂ ਹਨ, ਕਟਾਖ਼ਸ਼ ਨੂੰ ਵੀ ਤੇ ਸਮਾਜਕ ਯਥਾਰਥ ਨੂੰ ਵੀ। ਪਿਛਲੇ ਕਾਵਿ ਵਿਚ ਜ਼ਫ਼ਰ ਨੇ ਇਕ ਹੋਰ ਵਿਧੀ ਤਲਾਸ਼ੀ ਸੀ ਤੇ ਉਹ ਸੀ ਪਰਿਭਾਸ਼ਤ ਭਾਸ਼ਾ ਵਿਚ ਬੋਲਣਾ, ਜਿਸ ਵਿਚ ਕਵੀ ਨੇ ਕਥਨ ਦਾ ਤੱਤ ਕੱਢਿਆ ਹੁੰਦਾ ਹੈ ਤੇ ਉਹ ਉਸ ਕਥਨ ਦੀ ਭਾਸ਼ਾ ਵਿਚ ਬੋਲਦਾ ਹੈ, ਜਿਵੇਂ-

*ਹਰ ਵਿਸ਼ਵਾਸ ਅੰਧਵਿਸ਼ਵਾਸ ਹੁੰਦਾ*
*ਸੁਜਾਖਾ ਵਿਸ਼ਵਾਸ*
*ਵਿਸ਼ਵਾਸ ਨਹੀਂ ਕੁਛ ਹੋਰ ਹੁੰਦਾ*
*ਹਰ ਲਾਰਾ ਝੂਠਾ ਲਾਰਾ ਹੁੰਦਾ*
*ਸੱਚਾ ਲਾਰਾ*
*ਲਾਰਾ ਨਹੀਂ ਕੁਛ ਹੋਰ ਹੁੰਦਾ...*

*Original with;*
Jaswant Singh Zafar
*Digitized by;*
Panjab Digital Library

ਇਸ ਤਰ੍ਹਾਂ ਦੀ ਕਵਿਤਾ ਵਿਚ ਇਹ ਬਣੇ ਬਣਾਏ ਵਿਚਾਰ ਸਨ, ਜਿਨ੍ਹਾਂ ਤੋਂ ਅਗੇਰੇ ਇਸ ਸੰਗ੍ਰਹਿ ਦੇ ਕਾਵਿ ਨੇ ਆਪਣੀ ਪਛਾਣ ਬਣਾਉਣੀ ਹੈ ਜਾਂ ਨਵੀਂ ਤਲਾਸ਼ ਦਾ ਬਿੰਬ ਕਾਇਮ ਕਰਨਾ ਹੈ। ਇਹ ਉਦੋਂ ਸੰਭਵ ਹੁੰਦਾ ਹੈ ਜਦੋਂ ਕਵਿਤਾ ਵਿਚ ਨਵੇਂ ਪ੍ਰਸ਼ਨ ਪੈਦਾ ਹੁੰਦੇ ਹਨ। ਉਹ ਪ੍ਰਸ਼ਨ ਕਾਵਿ-ਸ਼ੈਲੀ ਵਿਚੋਂ ਵੀ ਉਘੜਣੇ ਸ਼ੁਰੂ ਹੁੰਦੇ ਹਨ। ਇਸੇ ਲਈ ਵਿਸ਼ੇਸ਼ ਧਿਆਨ ਉਸਦੀ ਕਵਿਤਾ **ਬੰਦਾ** ਵੱਲ ਜਾਂਦਾ ਹੈ। ਥੀਮਕੀ ਤੌਰ ਤੇ ਵੀ ਇਨ੍ਹਾਂ ਕਵਿਤਾਵਾਂ ਵਿਚ **ਬੰਦਾ** ਹੀ ਉਘੜਣਾ ਹੈ; ਉਸਦਾ ਯਥਾਰਥ, ਉਸਦਾ ਅਵਚੇਤਨ। ਇਸ ਕਵਿਤਾ ਵਿਚ ਪ੍ਰਸ਼ਨ ਜਿਸ ਅੰਦਾਜ਼ ਵਿਚ ਜਾਗਦੇ ਹਨ, ਉਨ੍ਹਾਂ ਦਾ ਪਾਸਾਰ ਪ੍ਰਕਿਰਤੀ ਤੋਂ ਬੰਦੇ ਤੱਕ ਹੈ-

*ਮੈਂ ਸਮੁੰਦਰ ਵੱਲ ਵਗਦੇ ਦਰਿਆ ਤੋਂ ਪੁੱਛਿਆ*
*ਕਿਵੇਂ ਵਗ ਲੈਂਦਾ ਏਂ ਲਗਾਤਾਰ ?*
*ਅੱਗੋਂ ਦਰਿਆ ਨੇ ਪੁੱਛਿਆ*
*ਵਗਣਾ ਕੀ ਹੁੰਦਾ ?*
--------
--------
*ਰਾਤੀਂ ਮੇਰੇ ਸੁਪਨੇ 'ਚ*
*ਦਰਿਆ ਸਮੁੰਦਰ ਤੇ ਚੰਦ ਆ ਕੇ ਕਹਿੰਦੇ*
*ਬੰਦਾ ਬਣ*
*ਮੈਥੋਂ ਪਰਤ ਕੇ ਪੁੱਛ ਨਹੀਂ ਹੁੰਦਾ*
*ਇਹ ਬੰਦਾ ਕੀ ਹੁੰਦਾ ?*

ਉਂਝ ਤਾਂ ਆਰੰਭ ਤੋਂ ਹੀ ਜ਼ਫ਼ਰ ਦੀ ਕਵਿਤਾ ਵਿਚ ਬੰਦੇ ਦੀ ਤਲਾਸ਼ ਹੈ। ਆਦਰਸ਼ ਬੰਦੇ ਦੇ ਬਿੰਬ ਹਨ, ਸਮਾਜਕ-ਸੰਰਚਨਾ ਦੀ ਉਸ ਤਸੱਵਰ ਨਾਲ ਤਲਾਸ਼ ਹੈ, ਪਰ ਇਸ ਕਾਵਿ-ਸੰਗ੍ਰਹਿ ਵਿਚ ਬੰਦੇ ਦੀ ਹੋਂਦ, ਪਛਾਣ, ਚੇਤਨ-ਅਵਚੇਤਨ ਦੀ ਸਮਕਾਲੀ ਪ੍ਰਸੰਗ ਵਿਚ ਵਧੇਰੇ ਤਲਾਸ਼ ਹੈ। ਕੇਵਲ ਤਲਾਸ਼ ਹੀ ਨਹੀਂ ਬੰਦੇ ਦੇ ਸੱਚ ਨੂੰ ਸਮਝਣ ਤੇ ਉਸ ਬਾਰੇ ਕੁਝ ਆਖਣ ਦਾ ਯਤਨ ਵੀ ਹੈ। ਬੰਦੇ ਦੀ ਹੋਂਦ : ਪ੍ਰਕਿਰਤੀ ਤੇ ਬ੍ਰਹਿਮੰਡ ਦੇ ਪ੍ਰਸੰਗ ਵਿਚ, ਕਾਲ ਦੇ ਪ੍ਰਸੰਗ ਵਿਚ, ਜੋ ਗੁਰੂ ਉਸ ਦੀ ਕਵਿਤਾ ਵਿਚ ਆਦਰਸ਼-ਬਿੰਬ ਦੇ ਤੌਰ ਤੇ ਪੇਸ਼ ਹੁੰਦਾ ਰਿਹਾ ਹੈ, ਉਸ ਦੇ ਕਥਨਾਂ ਦੇ ਪ੍ਰਸੰਗ ਵਿਚ ਬੰਦੇ ਦੀ ਯਾਤਰਾ ਅਤੇ ਪ੍ਰਕਿਰਤੀ ਦੇ ਵਿਗਾਸ ਨੂੰ ਬਿੰਬਤ ਕਰਨਾ, ਇਉਂ ਉਸਦੀ ਕਵਿਤਾ ਦਾ ਅੰਦਾਜ਼ ਦਾਰਸ਼ਨਿਕ ਹੋਣ ਵੱਲ ਰੁਚਿਤ ਹੁੰਦਾ ਹੈ ਤੇ **ਬੰਦਾ** ਉਸਦਾ ਕੇਂਦਰੀ ਸਿਗਨੀਫਾਇਰ ਹੋ ਕੇ ਅਰਥਾਂ ਦਾ ਪ੍ਰਵਾਹ ਸਿਰਜਣ ਲਗਦਾ ਹੈ-

*ਕਾਲ ਵੱਸ*
*ਬੰਦਾ ਮਰ ਕੇ ਮੁੱਕਦਾ ਨਹੀਂ*
*ਚਲਾ ਜਾਂਦਾ*

*Original with;*
Jaswant Singh Zafar
*Digitized by;*
Panjab Digital Library

*ਗੁਜ਼ਰ ਜਾਂਦਾ*

*ਗੁਰੂ ਨੇ ਫ਼ੁਰਮਾਇਆ*
*ਗੁਜ਼ਰ ਗਿਆਂ ਦੇ ਫੁੱਲ*
*ਵਗਦੇ ਪਾਣੀ 'ਚ ਪਾਇਓ*

ਉਸਦਾ ਇਹ ਕੇਂਦਰੀ ਸਿਗਨੀਫਾਇਰ ਕਿਵੇਂ ਕਿਵੇਂ ਉਘੜਦਾ ਹੈ, ਉਸ ਲਈ ਕੁਝ ਹੋਰ ਉਦਾਹਰਣਾਂ ਦੇਖਣੀਆਂ ਵੀ ਵਾਜਬ ਹਨ-

- *ਵੈਸੇ ਤਾਂ ਬੰਦਾ*
  *ਬੱਬਰ ਸ਼ੇਰ ਨੂੰ ਵੀ ਤੰਗ ਕਰ ਸਕਦਾ*
  *ਓਸ ਨੂੰ ਪਿੰਜਰੇ 'ਚ ਬੰਦ ਕਰ ਸਕਦਾ*
  *ਪਰ ਬੰਦੇ ਤੋਂ ਬਲਵਾਨ*
  *ਮੱਛਰ ਸਿੰਘ ਭਲਵਾਨ*

- *ਬਣਕੇ ਮਕਾਨ ਬੰਦੇ ਨੂੰ ਨਵਾਂ ਜਹਾਨ ਦਿੰਦਾ*
  *ਬਣਦਾ ਮਕਾਨ ਬੰਦੇ ਨੂੰ ਬੜਾ ਗਿਆਨ ਦਿੰਦਾ*

- *ਬੰਦਾ ਸਿਰਫ਼ ਪੁਲਿੰਗ*
  *ਪਰ*
  *ਬੰਦਗੀ ਇਸਤਰੀਲਿੰਗ*

ਵਖਤੁ ਵੀਚਾਰੇ ਸੁ ਬੰਦਾ ਹੋਇ (ਮ:੧) ਅਤੇ ਜ਼ਫ਼ਰ ਦੀ ਕਵਿਤਾ ਵਿਚ ਵੀ ਸਾਰਾ ਅਰਥ-ਪ੍ਰਬੰਧ ਬੰਦੇ ਦੇ ਆਲੇ-ਦੁਆਲੇ ਫੈਲਿਆ ਹੋਇਆ ਹੈ। ਬੰਦੇ ਦੀ ਤਲਾਸ਼ ਹੈ। ਉਸਦੇ ਸਮਾਜਕ ਤੇ ਵਿਹਾਰਕ ਸੰਬੰਧਾਂ ਦੀ ਕਟਾਖ਼ਸ਼ ਉਸ ਤਲਾਸ਼ 'ਚੋਂ ਹੀ ਉਭਰਦੀ ਹੈ। ਪਰ ਹੁਣ ਇਸ ਕਟਾਖ਼ਸ਼ ਨਾਲ ਹੋਰ ਬਹੁਤ ਸਾਰੀਆਂ ਪਰਤਾਂ ਜੁੜੀਆਂ ਹੋਈਆਂ ਹਨ। ਇਸ ਲਈ ਇਸ ਕਾਵਿ ਦਾ ਪਿਛਲੇ ਕਾਵਿ ਨਾਲੋਂ ਬਹੁਤ ਕੁਝ ਭਿੰਨ ਹੋ ਜਾਂਦਾ ਹੈ। ਉਸ ਭਿੰਨਤਾ ਅਤੇ ਤਲਾਸ਼ ਕਰਕੇ ਹੀ ਕਵਿਤਾ ਦੀ ਵਿਧਾ ਜਾਂ ਰੂਪ ਵਿਚ ਵੀ ਬਹੁਤ ਥਾਵਾਂ ਤੇ ਇਕ ਨਵੀਂ ਤਲਾਸ਼ ਉਘੜ ਆਉਂਦੀ ਹੈ। ਕਈ ਥਾਂ ਉਹ ਬਿਰਤਾਂਤ ਜਾਂ ਕਥਨ ਦੀ ਵਿਧੀ ਤੋਂ ਪਾਸੇ ਹੋ ਕੇ ਅਤਿ ਸੰਜਮ ਦੀ ਸੰਕੇਤਕ ਵਿਧੀ ਨੂੰ ਅਪਣਾਉਂਦਾ ਹੈ। ਅਤਿ ਸੰਜਮੀ ਸੰਵਾਦ ਕਾਵਿ ਵਿਧਾ ਵਿਚ ਢਲ਼ ਜਾਂਦਾ ਹੈ-

o *ਕੀ ਤੂੰ ਪਿਆਰ ਕਰਦਾ ਏਂ ਮੈਨੂੰ ?*

• *ਨਹੀਂ*

*Original with;*
Jaswant Singh Zafar
*Digitized by;*
Panjab Digital Library

o *ਕਿਉਂ?*

• *ਸ਼ੱਕ ਨੂੰ ਪਿਆਰ ਕੌਣ ਕਰਦਾ*
*ਸਿਰਫ਼ ਸ਼ੱਕ ਕਰਨ ਵਾਲਾ*

o *ਪਰ ਮੈਨੂੰ ਪਤਾ*

• *ਕੀ?*

o *ਕਿ ਤੂੰ ਮੈਨੂੰ ਪਿਆਰ ਕਰਦਾ ਏਂ ਬਹੁਤ*

ਇਉਂ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਥੀਮਕੀ ਤੌਰ ਤੇ ਵੀ ਤੇ ਰੂਪਕੀ ਤੌਰ ਤੇ ਵੀ ਨਵੀਂ ਤਲਾਸ਼ ਵੱਲ ਰੁਚਿਤ ਹੋਣ ਕਰਕੇ ਸਮੁੱਚੀ ਸੰਰਚਨਾ ਵਿਚ ਇਕ ਤਲਾਸ਼ ਦਾ ਪ੍ਰਭਾਵ ਸਿਰਜਦੀਆਂ ਹਨ। ਤਲਾਸ਼ ਅਗੇਰੇ ਤੁਰਨ ਦਾ ਚਿਹਨ ਹੁੰਦੀ ਹੈ, ਜਿਥੇ ਕਵੀ ਨੇ ਕਵਿਤਾ ਦੀ ਹੋਂਦ ਨੂੰ ਵੀ ਫਿਰ ਪਰਿਭਾਸ਼ਤ ਕਰਨਾ ਹੁੰਦਾ ਹੈ। ਇਹ ਤਲਾਸ਼ ਬੌਧਿਕ ਹੁੰਦੀ ਹੈ। ਜ਼ਫ਼ਰ ਜਦੋਂ **ਕਵੀ ਇਕੱਲਾ ਕਵਿਤਾ ਨਹੀਂ ਲਿਖਦਾ** ਆਖਦਾ ਹੈ ਤਾਂ ਉਹ ਕਾਵਿ-ਸਿਰਜਣਾ, ਸੰਚਾਰ ਅਤੇ ਕਾਵਿ-ਪ੍ਰਕਿਰਿਆ ਨੂੰ ਲੋਕਾਂ ਨਾਲ ਜੋੜਦਾ ਹੈ, ਕੇਵਲ ਬੌਧਿਕਤਾ ਜਾਂ ਦਾਰਸ਼ਨਿਕਤਾ ਤੱਕ ਸੀਮਤ ਨਹੀਂ ਕਰ ਲੈਂਦਾ-

*ਕਵੀ ਜਦ ਕਵਿਤਾ ਗਾਉਂਦਾ*
*ਸੁਣਾਉਂਦਾ*
*ਪੜ੍ਹਾਉਂਦਾ*
*ਸ਼ਾਬਾਸ਼ੇ ਪ੍ਰਸੰਸਾ ਦਾਦ ਉਗਰ੍ਹਾਉਂਦਾ*
*ਜੇ ਇਸ ਸਭ ਕਾਸੇ ਨੂੰ*
*ਉਹਨਾਂ ਸਾਰਿਆਂ ਤੱਕ ਨਹੀਂ ਪਹੁੰਚਾਉਂਦਾ*
*ਜੋ ਉਸ ਨਾਲ ਰਲ਼ ਕੇ ਕਵਿਤਾ ਰਚਦੇ*
*ਤਾਂ ਕਵੀ*
*ਸਭ ਤੋਂ ਵੱਧ ਭ੍ਰਿਸ਼ਟਾਚਾਰੀ ਹੈ*

ਇਸ 'ਇਕੱਲਾ ਨਹੀਂ ਹੋਣ' ਦੀ ਯਾਤਰਾ ਵਿਚ ਕਵੀ ਨਵਾਂ ਕੀ ਤਲਾਸ਼ਦਾ ਹੈ, ਇਸ ਨਾਲ ਇਹ ਸਾਰਾ ਕਾਵਿ ਜੁੜਿਆ ਹੋਇਆ ਹੈ, ਇਸ ਤਲਾਸ਼ ਵਲੋਂ ਚੇਤੰਨ ਹੋਣਾ ਹੀ ਕਵੀ ਦੀ ਜ਼ਿੰਮੇਵਾਰੀ ਹੈ, ਜਿਸ ਵਲੋਂ ਜ਼ਫ਼ਰ ਚੇਤੰਨ ਹੈ।

**ਡਾ. ਸੁਤਿੰਦਰ ਸਿੰਘ ਨੂਰ**

10-01-10 ਦਿੱਲੀ

*Original with;*
Jaswant Singh Zafar
*Digitized by;*
Panjab Digital Library

## ਬੰਦਾ

ਮੈਂ ਸਮੁੰਦਰ ਵੱਲ ਵਗਦੇ ਦਰਿਆ ਨੂੰ ਪੁੱਛਿਆ
ਕਿਵੇਂ ਵਗ ਲੈਂਦਾ ਏਂ ਲਗਾਤਾਰ ?
ਅੱਗੋਂ ਦਰਿਆ ਨੇ ਪੁੱਛਿਆ
ਵਗਣਾ ਕੀ ਹੁੰਦਾ ?

ਦਰਿਆ ਨਾਲ ਤੁਰਦਿਆਂ
ਸਮੁੰਦਰ ਕੋਲ ਪੁੱਜਿਆ
ਜੋ ਚੰਦ ਵੱਲ ਦੇਖ ਕੇ ਸੀ ਹੱਸ ਰਿਹਾ
ਓਸ ਨੂੰ ਪੁੱਛਿਆ
ਏਨਾ ਗਹਿਰਾ ਕਿਵੇਂ ਹੋਇਆ ?
ਸਮੁੰਦਰ ਕਹਿਣ ਲੱਗਾ
ਗਹਿਰਾਈ ਕੀ ਹੁੰਦੀ ?

ਫਿਰ ਮੈਂ ਚੰਦ ਨੂੰ ਪੁੱਛਿਆ
ਏਨਾ ਸ਼ਾਂਤ ਕਿਉਂ ਹੈਂ ?
ਚੰਦ ਨੇ ਹੈਰਾਨ ਹੋ ਪੁੱਛਿਆ
ਇਹ ਸ਼ਾਂਤੀ ਕੀ ਚੀਜ਼ ਹੋਈ ?

ਰਾਤੀਂ ਮੇਰੇ ਸੁਪਨੇ 'ਚ
ਦਰਿਆ ਸਮੁੰਦਰ ਤੇ ਚੰਦ ਆ ਕੇ ਕਹਿੰਦੇ
ਬੰਦਾ ਬਣ
ਮੈਥੋਂ ਪਰਤ ਕੇ ਪੁੱਛ ਨਹੀਂ ਹੁੰਦਾ
ਇਹ ਬੰਦਾ ਕੀ ਹੁੰਦਾ ?

•

*Original with;*
Jaswant Singh Zafar
*Digitized by;*
Panjab Digital Library

## ਚੰਗਾ ਕਿ ਮੰਦਾ

ਹਰ ਵਿਸ਼ਵਾਸ ਅੰਧਵਿਸ਼ਵਾਸ ਹੁੰਦਾ
ਸੁਜਾਖਾ ਵਿਸ਼ਵਾਸ
ਵਿਸ਼ਵਾਸ ਨਹੀਂ ਕੁਛ ਹੋਰ ਹੁੰਦਾ

ਹਰ ਲਾਰਾ ਝੂਠਾ ਲਾਰਾ ਹੁੰਦਾ
ਸੱਚਾ ਲਾਰਾ
ਲਾਰਾ ਨਹੀਂ ਕੁਛ ਹੋਰ ਹੁੰਦਾ

ਆਸਰਾ ਤਾਂ ਆਸਰਾ ਹੁੰਦਾ
ਸੱਚਾ ਜਾਂ ਝੂਠਾ ਨਹੀਂ ਹੁੰਦਾ

ਹਰ ਸ਼ਰਧਾ ਸੱਚੀ ਸ਼ਰਧਾ ਹੁੰਦੀ
ਝੂਠੀ ਸ਼ਰਧਾ ਕੋਈ ਚੀਜ਼ ਨਹੀਂ ਹੁੰਦੀ

ਬੰਦਾ ਤਾਂ ਬਸ ਬੰਦਾ ਹੁੰਦਾ

•

*Original with;*
Jaswant Singh Zafar
*Digitized by;*
Panjab Digital Library

## ਮੱਛਰ ਸਿੰਘ

ਵੈਸੇ ਤਾਂ ਬੰਦਾ
ਬੱਬਰ ਸ਼ੇਰ ਨੂੰ ਵੀ ਤੰਗ ਕਰ ਸਕਦਾ
ਓਸ ਨੂੰ ਪਿੰਜਰੇ 'ਚ ਬੰਦ ਕਰ ਸਕਦਾ
ਪਰ ਬੰਦੇ ਤੋਂ ਬਲਵਾਨ
ਮੱਛਰ ਸਿੰਘ ਭਲਵਾਨ
ਮੱਛਰਦਾਨੀ ਵਿਚ ਬੰਦੇ ਨੂੰ ਕੈਦ ਕਰਦਾ
ਆਪ ਖੁੱਲ੍ਹੀ ਉਡਾਨ ਭਰਦਾ
ਗਾਉਂਦਾ ਬੜ੍ਹਕਾਂ ਮਾਰਦਾ
ਮੱਛਰਦਾਨੀ ਵਿਚਲੇ ਬੰਦੇ ਨੂੰ ਲਲਕਾਰਦਾ
ਕਿ
          ਬਾਹਰ ਨਿਕਲ ਕੇ ਦਿਖਾ ਵੱਡਿਆ ਬਦਮਾਸ਼ਾ

•

*Original with;*
Jaswant Singh Zafar
*Digitized by;*
Panjab Digital Library

## ਗੈਲੀਲੀਓ

ਪਤਾ ਨਹੀਂ ਉਹਦੇ ਹੱਥ ਜ਼ਹਿਰ ਸੀ
ਜਾਂ ਸਿਰ ਤਲਵਾਰ ਸੀ
ਮਰਿਆ ਨਹੀਂ ਪਰ ਮਰਨ ਲਈ ਤਿਆਰ ਸੀ
ਗੈਲੀਲੀਓ ਆਪਣੇ ਸਮੇਂ ਦਾ ਸੁਕਰਾਤ ਸੀ
ਪੱਲੇ ਜਿਉਂਦੀ ਜਗਦੀ ਬਾਤ ਸੀ
ਬਾਤ ਸੀ ਕਿ
ਇਹ ਜੋ ਧਰਤੀ ਮਾਂ ਹੈ
ਮਾਂ ਆਪਣੀ ਥਾਂ ਹੈ
ਬ੍ਰਹਿਮੰਡ ਤਾਂ ਕੀ
ਸੂਰਜੀ ਪਰਿਵਾਰ ਦਾ ਵੀ ਕੇਂਦਰ ਨਹੀਂ

*Original with;*
Jaswant Singh Zafar
*Digitized by;*
Panjab Digital Library

ਪਰ ਸਾਥੋਂ ਬਾਤ ਅੱਗੇ ਨਾ ਤੁਰੀ

ਅਸੀਂ ਤਾਂ ਜੀਵੰਤ ਸੰਸਾਰ ਦੇ
ਜਾਂ ਛੋਟੇ ਵੱਡੇ ਪਾਸਾਰ ਦੇ
ਕੇਂਦਰ ਹੋਣ ਦਾ ਭਰਮ ਕਰਦੇ ਹਾਂ
ਕੇਂਦਰ ਬਣਨ ਲਈ ਕਰਮ ਕਰਦੇ ਹਾਂ
ਕੇਂਦਰ ਹੀ ਰਹਿਣਾ ਲੋਚਦੇ ਹਾਂ
ਇਸ ਤਰ੍ਹਾਂ ਦਾ ਸੋਚਦੇ ਹਾਂ
ਕਿ ਬੱਸ
ਹੰਕਾਰ ਲੋਭ ਤੇ ਕ੍ਰੋਧ ਦੇ ਜ਼ਹਿਰ ਦੀ
ਕਾਕਟੇਲ ਪੀਂਦੇ ਹਾਂ
ਮਰਨੋਂ ਬਹੁਤ ਡਰਦੇ ਹਾਂ
ਪਰ ਕਹਿ ਨਹੀਂ ਸਕਦੇ ਕਿ ਜੀਂਦੇ ਹਾਂ

ਅਜੇ ਅਸੀਂ
ਧਰਤੀ ਮਾਂ ਦੇ
ਜਿਉਣ ਜੋਗੇ ਧੀਆਂ ਪੁੱਤ ਬਣਨਾ ਹੈ
ਖ਼ੁਦ ਨੂੰ ਥਾਂ ਸਿਰ ਸਮਝਣਾ
ਜਾਂ ਥਾਂ ਸਿਰ ਕਰਨਾ ਹੈ
ਤਾਂ ਕਿਤੇ
ਜਿਉਂਦੀ ਜਗਦੀ ਬਾਤ ਨੇ
ਅੱਗੇ ਤੁਰਨਾ ਹੈ

•

*Original with;*
Jaswant Singh Zafar
*Digitized by;*
Panjab Digital Library

## ਜੈਤਾ ਜੀਵਨ ਸਿੰਘ

ਸਿੱਖ ਸੀ ਜੈਤਾ
ਗੁਰੂ ਦੇ ਧੜੋਂ ਲੱਥੇ ਸੋਚ-ਸਰੋਤ
ਸੀਸ ਨੂੰ
ਰਾਜਧਾਨੀ ਰੁਲ਼ਣ ਨਾ ਦਿੱਤਾ
ਮੋਹ ਪੁਗਾਇਆ
ਗੁਰਧਾਨੀ ਵੱਲ ਧਾਇਆ
ਨੇਰ੍ਹੀ ਨੇਰ੍ਹ ਤੇ ਹਕੂਮਤੀ ਪਹਿਰੇ ਚੀਰ ਕੇ ਦੱਸਿਆ
ਕਿ ਜੇਤੂ ਹੋਣਾ ਕੀ ਹੁੰਦਾ

ਸਿੰਘ ਬਣ ਕੇ ਜੈਤਾ
ਜੀਵਨ ਸਿੰਘ ਹੋਇਆ
ਗੁਰੂ ਦਾ ਲਾਡਲਾ
ਗੁਰੂ ਦੇ ਲਾਡਲਿਆਂ ਸੰਗ ਨਿੱਤਰਿਆ
ਕਹਿੰਦਾ

ਗੁਰੂ ਦਾ ਆਦੇਸ਼ ਹੈ
ਬੇਦਿਲੀ ਕੂੜ ਜਬਰ ਤੇ ਅਨਿਆਂ ਨੂੰ
ਮਾਰਨ ਲਈ ਲੜਾਂਗਾ
ਇਹ ਰਹਿਣਗੇ ਜਾਂ ਮੈਂ ਰਹਾਂਗਾ

ਮੌਤ ਦੀ ਬਾਂਹ 'ਚ ਬਾਂਹ ਪਾ ਨੱਚਿਆ
ਅੱਖਾਂ 'ਚ ਅੱਖਾਂ ਪਾ ਤੱਕਿਆ
ਓਸਨੂੰ ਦੱਸਿਆ

*Original with;*
Jaswant Singh Zafar
*Digitized by;*
Panjab Digital Library

ਕਿ ਸਿੰਘ ਲਈ ਜੀਵਨ ਦਾ ਅਰਥ ਕੀ ਹੁੰਦਾ
ਸ਼ਰਮ ਦੀ ਮਾਰੀ
ਪੁੱਛੇ ਮੌਤ ਵਿਚਾਰੀ
ਜੇ ਤੈਨੂੰ ਪਸੰਦ ਨਹੀਂ
ਤਾਂ ਆਪਣਾ ਨਾਂ ਬਦਲ ਕੇ
ਸ਼ਹੀਦੀ ਰੱਖਾਂ ?

ਪਰ ਮੈਂ
ਨਾ ਜੈਤਾ ਨਾ ਜੀਵਨ
ਨਾ ਪ੍ਰੇਮੀ ਨਾ ਜੇਤੂ
ਨਾ ਲਾਡਲਾ ਨਾ ਲੜਾਕੂ

ਚੜ੍ਹਦੀ ਕਲਾ ਤੋਂ ਦੂਰ
ਨਾਖੁਸ਼
ਨਾਂਮਾਤਰ ਖੁਸ਼
ਜਾਂ ਬਣਾਉਟੀ ਖੁਸ਼ ਹਾਂ
ਸੋਚਦਾ ਕੁਛ
ਕਹਿੰਦਾ ਕੁਛ
ਤੇ ਕਰਦਾ ਕੁਛ ਹਾਂ

ਬੱਸ ਪੀਂਦਾ ਖਾਂਦਾ
ਤੱਕਦਾ ਰਹਿੰਦਾ
ਸਹਿਣ ਕਰੀ ਜਾਂਦਾ
ਨਾਂ ਕੀ ਏ
ਨਾਂ ਨਾਲ ਸਿੰਘ ਲਿਖਿਆ ਕਿ ਨਹੀਂ
ਕੀ ਫ਼ਰਕ ਪੈਂਦਾ

•

*Original with;*
Jaswant Singh Zafar
*Digitized by;*
Panjab Digital Library

## ਨਾਂ ਵਿਚ ਕੀ ਪਿਆ

ਮੈਨੂੰ ਉਸ ਦਾ ਨਾਂ ਨਹੀਂ ਪਤਾ
ਉਮਰ ਕਾਰੋਬਾਰ ਘਰ ਥਾਂ ਨਹੀਂ ਪਤਾ

ਜਦ ਲਈਅਰ ਵੈਲੀ* ਵਿਚ ਆਉਂਦਾ
ਆਪਣੇ ਨਾਲ ਸਰਗਰਮੀ ਉਤਸ਼ਾਹ ਤੇ ਖ਼ੁਸ਼ੀ ਦਾ
ਹੜ੍ਹ ਲਿਆਉਂਦਾ

ਉਹ ਅਜਿਹਾ ਕਿਰਪਾਨਧਾਰੀ ਹੈ
ਜਿਸ ਹਜ਼ਾਰਾਂ ਬੱਚਿਆਂ ਦੇ ਮਨ ਦੀ
ਸੰਗ ਜਕ ਝਿਜਕ ਮਾਰੀ ਹੈ

*(* ਕਵੀ ਦੇ ਸ਼ਹਿਰ ਦਾ ਇਕ ਪਾਰਕ)*

*Original with;*
Jaswant Singh Zafar
*Digitized by;*
Panjab Digital Library

ਉਸ ਦੀ ਚੁੰਬਕੀ ਸ਼ਕਤੀ ਬਹੁਤ ਤੀਬਰ
ਬਾਲਾਂ ਨੂੰ ਆਕਰਸ਼ਿਤ ਕਰਨ ਦਾ ਧਨੀ
ਹੱਸਦਾ ਮੁਸਕਰਾਉਂਦਾ ਨਿਰਾ ਸੁਖਮਨੀ

ਤੁਰਦਾ ਤਾਂ ਨਿਤਰਿਆ ਪਾਣੀ ਲੱਗਦਾ
ਬੱਚਿਆਂ ਸੰਗ ਖੇਡਦਾ ਖਿਡਾਉਂਦਾ
ਅਨੰਦ ਸਾਹਿਬ ਦੀ ਬਾਣੀ ਲੱਗਦਾ

ਜਦ ਖਿੜ ਖਿੜਾ ਕੇ ਹੱਸਦੇ ਦੀ
ਸਫ਼ੈਦ ਦਾਹੜੀ ਹਿੱਲਦੀ
ਤਾਂ ਇਹਨਾਂ ਸਮਿਆਂ ਵਿਚ
ਸਿੱਖ ਹੋਣ ਦੇ ਅਰਥਾਂ ਦੀ
ਕੁਝ ਕੁਝ ਟੋਹ ਮਿਲਦੀ

ਚੜ੍ਹਦੀ ਕਲਾ ਸੰਗ
ਜਪੁ ਦੀਆਂ ਪੌੜੀਆਂ ਚੜ੍ਹਦਾ
ਇਹ ਸੰਤ ਸਿਪਾਹੀ
ਮਾਹੌਲ ਦੀ ਉਦਾਸੀਨਤਾ ਖ਼ਿਲਾਫ਼ ਲੜਦਾ

•

*Original with;*
Jaswant Singh Zafar
*Digitized by;*
Panjab Digital Library

## ਭਗਤ ਸਿੰਘ

ਮੇਰੇ ਦਾਦੇ ਦੇ ਜਨਮ ਵੇਲੇ ਤੂੰ ਬਾਰਾਂ ਵਰ੍ਹਿਆਂ ਦਾ ਸੀ
ਜਲ੍ਹਿਆਂ ਵਾਲੇ ਦੀ ਸ਼ਹੀਦੀ ਮਿੱਟੀ ਨਮਸਕਾਰਦਾ

ਦਾਦਾ ਬਾਰਾਂ ਵਰ੍ਹਿਆਂ ਦਾ ਹੋਇਆ
ਤੂੰ 24 ਸਾਲਾ ਭਰ ਜਵਾਨ ਗੱਭਰੂ ਸੀ
ਤੇਰਾ ਸ਼ਹੀਦੀ ਵੇਲਾ ਸੀ

ਦਾਦਾ ਗੱਭਰੂ ਹੋਇਆ ਤਾਂ ਵੀ ਤੂੰ
24 ਸਾਲਾ ਭਰ ਜਵਾਨ ਗੱਭਰੂ ਸੀ

*Original with;*
Jaswant Singh Zafar
*Digitized by;*
Panjab Digital Library

ਮੇਰੇ ਪਿਤਾ ਦੇ ਗੱਭਰੂ ਹੋਣ ਵੇਲੇ ਵੀ
ਤੂੰ 24 ਸਾਲਾ ਭਰ ਜਵਾਨ ਗੱਭਰੂ ਸੀ

ਮੈਂ 24 ਸਾਲ ਦਾ ਹੋਇਆ
ਤਾਂ ਵੀ ਤੂੰ
24 ਸਾਲਾ ਭਰ ਜਵਾਨ ਗੱਭਰੂ ਸੀ
ਮੈਂ 25, 26, 27, ......, 37 ਸਾਲ ਦਾ ਹੋਇਆ
ਤੂੰ 24 ਸਾਲਾ ਭਰ ਜਵਾਨ ਗੱਭਰੂ ਹੀ ਰਿਹਾ

ਮੈਂ ਹਰ ਜਨਮ ਦਿਨ ਤੇ
ਬੁਢਾਪੇ ਵੱਲ ਇਕ ਸਾਲ ਵਧਦਾ ਹਾਂ
ਤੂੰ ਹਰ ਸ਼ਹੀਦੀ ਦਿਨ ਤੇ
24 ਸਾਲਾ ਭਰ ਜਵਾਨ ਗੱਭਰੂ ਹੀ ਹੁੰਦਾ ਹੈਂ

ਉਂਜ ਅਸੀਸ ਤਾਂ ਸਾਰੀਆਂ ਮਾਵਾਂ ਦਿੰਦੀਆਂ ਨੇ
ਜਿਊਂਦਾ ਰਹੇਂ ਸਦਾ ਜਵਾਨੀਆਂ ਮਾਣੇਂ
ਪਰ ਤੂੰ ਸੱਚ ਮੁੱਚ ਜਿਊਂਦਾ ਹੈਂ ਭਰ ਜੁਆਨ ਗੱਭਰੂ
ਸਦਾ ਜੁਆਨੀਆਂ ਮਾਣਦਾ ਹੈਂ
ਤੇ ਜਿਹਨਾਂ ਅਜੇ ਪੈਦਾ ਹੋਣਾ ਹੈ
ਉਹਨਾਂ ਗੱਭਰੂਆਂ ਦੇ ਵੀ ਹਾਣ ਦਾ ਹੈਂ

•

*Original with;*
Jaswant Singh Zafar
*Digitized by;*
Panjab Digital Library

## 23 ਮਾਰਚ

ਸ਼ਹੀਦ-ਏ-ਆਜ਼ਮ ਦੇ ਸ਼ਹੀਦੀ ਦਿਨ ਦੀ
ਛੁੱਟੀ ਨਾ ਹੋਵੇ
ਇਹ ਗੱਲ ਨਹੀਂ ਜਰਾਂਗੇ
ਰੋਸ ਹੜਤਾਲ ਕਰਾਂਗੇ
ਕਲਾਸਾਂ ਦਾ ਬਾਈਕਾਟ ਕਰਕੇ
ਨਾ ਪੜ੍ਹਨ ਪੜ੍ਹਾਉਣ ਦਿਆਂਗੇ
ਤੇ ਨਾ ਪੜ੍ਹਾਂਗੇ
ਉਸ ਸ਼ਹੀਦ ਦੇ ਸ਼ਹੀਦੀ ਦਿਨ 'ਤੇ
ਜੋ ਆਖਰੀ ਸਮੇਂ ਤੱਕ
ਪੜ੍ਹਦਾ ਰਿਹਾ ਸੀ

•

*Original with;*
Jaswant Singh Zafar
*Digitized by;*
Panjab Digital Library

## ਊਧਮ ਸਿੰਘ

ਮੈਂ ਅਕਸਰ ਵਿਸਾਰ ਦਿੰਦਾ
ਸੌਣ ਵੇਲੇ ਕੀਤਾ
ਸਵੇਰੇ ਜਲਦੀ ਜਾਗਣ ਦਾ
ਸੈਰ ਕਰਨ ਦਾ
ਪ੍ਰਣ
ਤੇ ਹੋਰ ਕਿੰਨਾ ਕੁਝ

ਇਕ ਰਾਤ ਦੀ ਨੀਂਦ ਕਾਫ਼ੀ ਹੁੰਦੀ
ਬੰਦੇ ਨੂੰ ਕਸਮ ਤੋੜਨ ਲਈ
ਸਹੁੰ ਸੁਗੰਧ ਭੁੱਲਣ ਲਈ

*Original with;*
Jaswant Singh Zafar
*Digitized by;*
Panjab Digital Library

ਪਰ ਇੱਕੀ ਸਾਲਾਂ ਦੀਆਂ
ਸਾਢੇ ਸੱਤ ਹਜ਼ਾਰ ਤੋਂ ਵੱਧ
ਰਾਤਾਂ ਦੀ ਨੀਂਦ ਵੀ
ਭੁਲਾ ਨਾ ਸਕੀ
ਤੈਨੂੰ ਤੇਰਾ
ਪ੍ਰਣ

ਸਮਾਂ ਭਰ ਦਿੰਦਾ ਜਣੇ ਖਣੇ ਦੇ ਜ਼ਖ਼ਮ
ਪਰ ਤੈਂ ਆਪਣੇ
ਜ਼ਖ਼ਮੀ ਦਿਲ ਅਤੇ ਰੂਹ ਦੇ ਦਰਦ ਨੂੰ
ਪੈਂਤੀ ਕਰੋੜ ਨਾਲ ਐਸੀ ਜਰਬ ਦਿੱਤੀ
ਕਿ ਜ਼ਖ਼ਮ ਸੁੱਕਣ ਲਈ
ਪੈਂਤੀ ਕਰੋੜ ਦਿਨਾਂ-ਰਾਤਾਂ ਦਾ ਸਮਾਂ ਚਾਹੀਦਾ ਸੀ
ਪਰ ਤੂੰ ਦਿਨਾਂ-ਰਾਤਾਂ ਨੂੰ
ਵਕਤ ਨੂੰ
ਆਪਣੇ ਜ਼ਖ਼ਮ ਨੂੰ ਛੂਹਣ ਦੀ ਆਗਿਆ ਨਾ ਦਿੱਤੀ
ਜ਼ਖ਼ਮ ਤੇ ਦਰਦ ਦਾ ਇਲਾਜ
ਪ੍ਰਣ ਪੂਰਤੀ ਨਾਲ ਕੀਤਾ

ਤੇਰੇ ਵਲੋਂ ਵਿਹਲੇ ਹੋਏ
ਕਰੋੜਾਂ ਦਿਨਾਂ-ਰਾਤਾਂ ਦੇ ਜੋੜਿਆਂ ਕੋਲ
ਤੇਰੀ ਅਮਰਤਾ ਨੂੰ ਗਾਉਣ ਤੋਂ ਬਿਨਾਂ
ਕੋਈ ਚਾਰਾ ਨਾ ਰਿਹਾ
•

*Original with;*
Jaswant Singh Zafar
*Digitized by;*
Panjab Digital Library

## ਰਵੀ ਸਿੱਧੂ *

ਮੈਂ ਜੋ
ਕੁਝ ਪੈਸੇ ਖੁਣੋਂ
ਕੁਝ ਚੀਜ਼ਾਂ ਖੁਣੋਂ
ਕੁਝ ਨਾਂ ਖੁਣੋਂ
ਹਮੇਸ਼ਾ ਥੁੜਦਾ ਹਾਂ
ਕਿਸੇ ਨਾ ਕਿਸੇ ਰਵੀ ਸਿੱਧੂ ਬਾਰੇ
ਸੋਚਦਾ
ਝੂਰਦਾ ਤੇ ਕੁੜਦਾ ਹਾਂ
ਕਦੇ ਸੋਚਦਾਂ
ਕਿ ਏਨੇ ਪੈਸੇ ਓਸ ਨੇ ਕੀ ਕਰਨੇ ਸਨ
ਦਸ ਵੀਹ ਲੱਖ ਤਾਂ ਮੰਨਿਆਂ
ਕਾਹਦੇ ਲਈ ਕੋਠੇ ਭਰਨੇ ਸਨ

ਸੋਚਦਾ ਜਾਨਾਂ
ਕਿ ਆਤੂ ਘੁਮਿਆਰ ਮਿਲਦਾ ਹੈ
ਜਿਹਦੇ ਹੱਥ ਕੰਬਦੇ ਤੇ ਸਿਰ ਹਿਲਦਾ ਹੈ
ਕਹਿੰਦਾ
ਸੁਣਾ ਬਈ ਅਬਸਰਾ
ਅੱਜ ਕੱਲ੍ਹ ਕਿੰਨੀ ਕੁ ਮਿਲਦੀ ਤਨਖ਼ਾਹ
ਮੈਂ ਕਿਹਾ
ਵੀਹ ਹਜ਼ਾਰ

(ਵਿਚ ਕਾਲ਼ੇ ਧਨ ਸਹਿਤ ਪਕੜੇ ਗਏ ਪੰਜਾਬ ਸਰਵਿਸ ਕਮਿਸ਼ਨ ਦੇ ਮੁਖੀ)

Original with;
Jaswant Singh Zafar
Digitized by;
Panjab Digital Library

ਕਹਿੰਦਾ
ਵਾਹ ਬਈ ਵਾਹ
ਓਏ ਏਨੇ ਪੈਸੇ ਕੀ ਕਰਦੈਂ ?

"ਓਏ ਏਨੇ ਪੈਸੇ ਕੀ ਕਰਦੈਂ ?"

ਇਸ ਪੰਜ ਲਫ਼ਜ਼ਾਂ ਦੀ ਸਤਰ ਦਾ
ਐਸਾ ਚੱਲਿਆ ਬਾਣ
ਰੂਹ 'ਚੋਂ ਸ਼ਿਕਵਾ ਕੰਬਿਆ
ਪਿੰਡਿਓਂ ਕਿਰਿਆ ਤਾਣ

ਕਦੇ ਮੁਰਸ਼ਦ ਪੀਰਾਂ ਆਖਿਆ
ਨਾ ਜੰਗਲ ਪਰਬਤ ਜਾਹ
ਤੇਰੇ ਅੰਦਰ ਹੀ ਰੱਬ ਵੱਸਦਾ
ਪਾਉਣਾ ਤਾਂ ਅੰਦਰੋਂ ਪਾ
ਅੱਜ ਆਤੂ ਪੀਰ ਦੀ ਰਮਜ਼ ਕਿ
ਨਾ ਖ਼ਬਰ ਤਬਸਰੇ ਗਾਹ
ਤੇਰੇ ਅੰਦਰ ਸਿੱਧੂ ਵੱਸਦਾ
ਫਾਹੁਣਾ ਤਾਂ ਉਸ ਨੂੰ ਫਾਹ

ਕਈ ਕਰੋੜਾਂ ਦੇਵਤੇ
ਵਸਦੇ ਸਨ ਇਸ ਥਾਂ
ਇਕੋ ਜੋਤ ਸਰੂਪ ਸਭ
ਵੱਖੋ ਵੱਖਰੇ ਨਾਂ
ਸਾਡੇ ਵੀ ਨਾਮ ਕਰੋੜ ਨੇ

*Original with;*
Jaswant Singh Zafar
*Digitized by;*
Panjab Digital Library

ਤੇ ਵੱਖੋ ਵੱਖਰੇ ਗੋਤ
ਪਰ ਘਟ ਘਟ ਅੰਦਰ ਰਵ ਰਹੀ
ਰਵੀ ਸਿੱਧੂ ਦੀ ਜੋਤ

ਆਤੂ ਰੂਹ ਦੇ ਪਾਵਨ ਚਰਨੀਂ
ਰੋਂਦੂ ਮਨ ਦੇ ਹੱਥ ਲਾਉਂਦਾ ਹਾਂ
ਮੁਰਸ਼ਦ ਮਿਲਿਆ ਜੁਗਤੀ ਪਾਈ
ਢਿੱਡੋਂ ਨੱਚਦਾ ਗਾਉਂਦਾ ਹਾਂ

ਗਾਉਂਦਾ ਹਾਂ ਕਿ
ਆਪੇ ਦਿੰਦਾ ਆਪੇ ਲੈਂਦਾ
ਸੌਦਾ ਆਪ ਕਰਾਏਂਦਾ
ਲੁੱਟੇ ਅਤੇ ਲੁਟਾਵੇ ਆਪੇ
ਆਪੇ ਸ਼ੋਰ ਮਚਾਏਂਦਾ
ਲਾਵੇ ਆਪ ਹਟਾਵੇ ਆਪੇ
ਆਪ ਸਿਫ਼ਾਰਸ਼ ਪਾਏਂਦਾ
ਜੱਜ ਵਕੀਲ ਸਿਪਾਹੀ ਆਪੇ
ਆਪੇ ਜਾਂਚ ਕਰਾਏਂਦਾ
ਆਪੇ ਕਾਲਮ ਆਪੇ ਚੈਨਲ
ਪੜ੍ਹ ਸੁਣ ਖ਼ੁਸ਼ ਹੋ ਜਾਏਂਦਾ
ਤੇਰੇ ਮੇਰੇ ਸਭ ਦੇ ਅੰਦਰ
ਰਵੀ ਸਿੱਧੂ ਅਖਵਾਏਂਦਾ

•

*Original with;*
Jaswant Singh Zafar
*Digitized by;*
Panjab Digital Library

## ਝੰਡਾ ਸਿੰਘ ਅਣਖੀ

ਬਾਹਰਲੇ ਮੁਲਕ ਦਾ ਗੁਰਦੁਆਰਾ
ਝੰਡਾ ਸਿੰਘ ਅਣਖੀ ਦਾ ਭੋਗ
ਵੈਰਾਗ ਸੋਗ
ਰਾਗੀ ਗਾ ਰਹੇ
*ਅਬ ਕੀ ਬਾਰ ਬਖਸਿ ਬੰਦੇ ਕਉ*
ਅੰਤਮ ਅਰਦਾਸ ਹੋਏਗੀ
ਵਿਛੜੀ ਆਤਮਾ ਨੂੰ ਚਰਨਾਂ ਵਿਚ ਨਿਵਾਸ ਬਖ਼ਸ਼ਣਾ ਜੀ

*Original with;*
Jaswant Singh Zafar
*Digitized by;*
Panjab Digital Library

ਉਪਰੰਤ
ਸ਼ਰਧਾਂਜਲੀਆਂ ਭੇਟ ਹੋਣਗੀਆਂ
ਸੰਗਤਾਂ ਲੇਟ ਹੋਣਗੀਆਂ
ਝੰਡਾ ਸਿੰਘ ਦੇ ਸੰਗਰਾਮੀਏ ਜੀਵਨ 'ਤੇ
ਚਾਨਣੇ ਪੈਣਗੇ
ਪੁਰਾਣੇ ਸਾਥੀ ਕਹਿਣਗੇ
ਪਹਿਲਾਂ ਹਾਲਾਤ ਹੋਰ ਸੀ
ਨਸਲਵਾਦ ਦਾ ਜ਼ੋਰ ਸੀ
ਅਸੀਂ ਜਦ ਏਧਰ ਆਏ
ਰੰਗ ਭੇਦ ਬੜੇ ਸਤਾਏ
ਅਣਖੀ 'ਸਾਬ ਦੀ ਅਣਖ਼ ਜਾਗੀ
ਅਣਖੀ ਅਖਵਾਏ
ਆਪਣੇ ਲੋਕਾਂ ਨੂੰ ਜਥੇਬੰਦ ਕੀਤਾ
ਜਲਸੇ ਜਲੂਸਾਂ ਮੁਜ਼ਾਹਰਿਆਂ ਦਾ ਪ੍ਰਬੰਧ ਕੀਤਾ
ਨਸਲਵਾਦੀਆਂ ਵਿਰੁੱਧ ਡਟੇ
ਅੜੇ ਲੜੇ ਖੜ੍ਹੇ
ਪਿੱਛੇ ਨਹੀਂ ਹਟੇ

ਪਤਵੰਤੇ ਬਿਆਨਣਗੇ
ਅਣਖੀ 'ਸਾਬ ਦੀ ਸ਼ਖ਼ਸੀਅਤ ਦੀ ਬੁਲੰਦੀ ਨੂੰ
ਕੁਝ ਜਾਣੂੰ ਦਿਲਾਂ 'ਚ ਕੋਸਣਗੇ
ਮਾੜੀ ਕਿਸਮਤ ਔਲਾਦ ਗੰਦੀ ਨੂੰ
ਮੁੰਡੇ ਨੇ ਗੋਰੀ ਵਿਆਹੀ
ਦਿਲ ਦਾ ਦੌਰਾ ਪਿਆ
ਐਂਬੂਲੈਂਸ ਆਈ

*Original with;*
Jaswant Singh Zafar
*Digitized by;*
Panjab Digital Library

ਮਸੀਂ ਬਚਾਇਆ
ਝੰਡਾ ਸਿੰਘ ਨੂੰ ਯਾਰਾਂ ਜਚਾਇਆ
ਤੇਰੀ ਜਾਨ ਕਿਉਂ ਜਾਂਦੀ ਐ
ਪੱਲਿਓਂ ਕੀ ਗਿਆ
ਗੋਰਿਆਂ ਦੀ ਕੁੜੀ ਲਿਆਂਦੀ ਐ
ਮਨ ਸਮਝਾਉਣ ਲੱਗਾ
ਗੋਰੀ ਨੂੰਹ ਦੀਆਂ
'ਸਟ ਸਰੀ ਅਕਾਲਾਂ' ਨਾਲ
ਜ਼ਖ਼ਮ 'ਤੇ ਅੰਗੂਰ ਆਉਣ ਲੱਗਾ

ਇਹ ਸਦਮਾ ਜਿਵੇਂ ਕਿਵੇਂ ਝੱਲਿਆ
ਪਰ ਹਫ਼ਤਾ ਪਹਿਲਾਂ ਉਹਦੇ ਦਿਮਾਗ ਦੇ
ਐਨ੍ਹ ਵਿਚਾਲੇ ਬੰਬ ਚੱਲਿਆ
ਬੰਬ ਦੇ ਪਲੀਤੇ ਨੂੰ
ਲਫ਼ਜ਼ਾਂ ਦੀ ਤੀਲੀ ਡੰਗਿਆ
ਝੰਡਾ ਸਿੰਘ ਨੇ ਪਾਣੀ ਨਹੀਂ ਮੰਗਿਆ
ਲਫ਼ਜ਼ ਬੇਟੀ ਦੇ
ਡੈਡੀ ਜਾ ਰਹੀ ਹਾਂ
ਆਜ਼ਾਦੀ ਨਾਲ ਆਪਣੀ ਖੁਸ਼ੀ ਲਈ
ਕਾਲ਼ੇ ਨਾਲ ਵਿਆਹ ਕਰਾ ਰਹੀ ਹਾਂ
*ਅਚਿੰਤੇ ਬਾਜ ਪਏ*
ਰਾਗੀ ਗਾ ਰਹੇ

•

*Original with;*
Jaswant Singh Zafar
*Digitized by;*
Panjab Digital Library

## ਉਤਮ ਸਿੰਘ

ਪਹਿਲਾਂ ਮਟਕਾ ਵਜਾਉਣਾ ਸਿੱਖਿਆ
ਫਿਰ ਤਬਲਾ
ਸਿਤਾਰ
ਵਾਇਲਨ
ਫ਼ਿਲਮ ਸੰਗੀਤ ਦਾ ਪ੍ਰਬੰਧ
ਅਤੇ ਸੰਗੀਤ ਨਿਰਦੇਸ਼ਨ ਸਿੱਖਿਆ
ਉਤਮ ਸੰਗੀਤ ਨੂੰ ਸਮਰਪਿਤ ਹੋਣਾ ਸਿੱਖਿਆ
ਸਦਾ ਸਿੱਖਦੇ ਰਹਿਣਾ ਸਿੱਖਿਆ
ਸਿੱਖ ਜੁ ਹੋਇਆ ਉਤਮ ਸਿੰਘ

ਆਲਾਪ ਸਿੱਖਿਆ
ਪਰ ਉੱਚੀ ਬੋਲਣਾ ਨਹੀਂ ਸਿੱਖਿਆ
ਸੁਰ ਸੁਰਤੀ ਨਾਲ
ਬ੍ਰਹਿਮੰਡ ਸਿਰਜਣਾ ਗਾਹੁਣਾ ਸਿੱਖਿਆ
ਪਰ ਮਗਰੋਂ ਦੌੜ ਕੇ
ਗੱਡੀ ਚੜ੍ਹਨਾ ਨਹੀਂ ਸਿੱਖਿਆ

*Original with;*
Jaswant Singh Zafar
*Digitized by;*
Panjab Digital Library

ਰੂਹ 'ਚ ਵੱਜਦੇ
ਅਨਹਦ ਨਾਦ ਦੀ ਅਨੰਤਤਾ 'ਚੋਂ
ਉਹ ਫ਼ਿਲਮ ਨੂੰ ਗਿਣਵੀਆਂ ਟੁਣਕਾਰਾਂ ਦਿੰਦਾ
ਜਿਵੇਂ ਲਲਾਰੀ ਭਰੀ ਭਕੁੰਨੀ ਦੁਕਾਨ 'ਚੋਂ
ਚੁਟਕੀ ਕੁ ਰੰਗ ਦੇ ਕੇ
ਚੁੰਨੀ ਦੀ ਲਹਿਰ ਬਹਿਰ ਕਰ ਦੇਵੇ

ਸੰਗੀਤ ਨਿਰਦੇਸ਼ਨ ਇਸ ਰਿਸ਼ੀ ਦੀ ਤਥਾ ਅਸਤੂ ਹੈ
ਸਾਜ਼ ਗੂੰਜ ਉਠਦੇ
ਗਾਇਨ ਉਭਰਦੇ
ਅਪਸਰਾਵਾਂ ਨ੍ਰਿਤ ਕਰਦੀਆਂ
ਕਰੋੜਾਂ ਅੱਖਾਂ ਵਿਚ ਜਲਵੇ ਤੈਰਦੇ
ਫ਼ਿਲਮੀ ਹਲਚਲ ਹੁੰਦੀ

ਮੈਂਨੇ ਪਿਆਰ ਕੀਆ
ਹਮ ਆਪ ਕੇ ਹੈਂ ਕੌਨ
ਦਿਲ ਤੋ ਪਾਗਲ ਹੈ
ਹਮ ਤੁਮ ਪੇ ਮਰਤੇ ਹੈਂ
..................
..................

ਸ਼ੋਰ ਵਿਚ ਰਹਿੰਦਿਆਂ ਵੀ
ਉਸ ਕੋਲ ਗਹਿਰੀ ਚੁੱਪ ਹੈ
ਜਿਸ ਵਿਚ ਜਪੁਜੀ ਦੇ ਬੋਲਾਂ ਦਾ ਵਾਸ
ਚਮਕ-ਦਮਕ ਦੇ ਝੁਰਮਟ ਵਿਚ ਵੀ
ਗਹਿਰੀ ਵੈਰਾਗੀ ਤੱਕਣੀ
ਅਨੰਦ ਸਾਹਿਬ ਵਾਲਾ ਸਹਿਜ ਅਨੰਦ
ਉਸਦਾ ਜੁੱਸਾ ਕੁਦਰਤ ਦੇ ਹੱਥਾਂ ਵਿਚ ਵੱਜਦਾ
ਸੁਰ ਹੋਇਆ ਸਾਜ਼

•

*Original with;*
Jaswant Singh Zafar
*Digitized by;*
Panjab Digital Library

## ਬਾਬਾ

ਬਾਬੇ ਸੋਚਿਆ
ਰਾਰਾ ਰੁੱਖ
ਬੱਬਾ ਬਿਰਖ
ਤੇ ਬਾਬੇ ਜੋੜਿਆ
ਰਾਰਾ ਬੱਬਾ ਰੱਬ
ਬਾਬਾ ਬੋਲਿਆ
*ਜਾ ਕੇ ਰੁਖ ਬਿਰਖ ਆਰਾਉ*
ਬਾਬੇ ਦੇਖਿਆ



ਬਾਬਾ ਫਿਰ ਬੋਲਿਆ
*ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ*

•

*Original with;*
Jaswant Singh Zafar
*Digitized by;*
Panjab Digital Library

## ਬਾਬੇ ਗਾਉਂਦੇ

ਬਾਬੇ ਗਾਉਂਦੇ
ਜ਼ੱਰੇ ਜ਼ੱਰੇ ਤੋਂ ਪਾਰ ਬ੍ਰਹਿਮੰਡ ਦੇ ਪਸਾਰਿਆਂ ਨੂੰ
ਅਸੀਂ ਧਿਆਈਏ
ਪੰਜਾਂ ਤਖ਼ਤਾਂ ਗੁਰਦੁਆਰਿਆਂ ਨੂੰ
ਧਿਆਨ ਧਰੀਏ ਪਾਠ ਦੀਦਾਰ ਦਾ
ਕੋਈ ਦਖ਼ਲ ਨਾ ਹੋਏ ਵੀਚਾਰ ਦਾ
ਪਰ ਬਾਬੇ ਗਾਉਂਦੇ
*ਹਰਿ ਪ੍ਰੀਤਿ ਪਿਆਰੇ*
*ਸਬਦਿ ਵੀਚਾਰੇ*

ਬਾਬੇ ਗਾਉਂਦੇ
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ*
ਅਸੀਂ ਕਹੀਏ
ਬਖਸ਼ਿਓ ਜੀ
ਸ੍ਰੀ ਅੰਮ੍ਰਿਤਸਰ ਜੀ ਦਾ ਇਸ਼ਨਾਨ

*Original with;*
Jaswant Singh Zafar
*Digitized by;*
Panjab Digital Library

ਬਾਬੇ ਗਾਉਂਦੇ
*ਜਹ ਜਾਈਐ ਤਹਾ ਸੁਹੇਲੇ*
ਅਸੀਂ ਮੰਗੀਏ
ਵਿਛੜੇ ਗੁਰਧਾਮਾਂ ਦੇ ਦਰਸ਼ਨ ਮੇਲੇ

ਬਾਬੇ ਗਾਉਂਦੇ
*ਨੀਚੀ ਹੂ ਅਤਿ ਨੀਚੁ*
*ਵਡਿਆ ਸਿਉ ਕਿਆ ਰੀਸ*
ਪਰ ਸਾਨੂੰ ਚਾਹੀਦਾ ਬੋਲ ਬਾਲਾ
ਬਾਬਾ ਜੀ ਦਿਓ ਅਸੀਸ

ਬਾਬੇ ਗਾਉਂਦੇ
*ਵਿਣੁ ਬੋਲਿਆ ਸਭੁ ਕਿਛੁ ਜਾਣਦਾ*
*ਕਿਸੁ ਆਗੈ ਕੀਚੈ ਅਰਦਾਸਿ*
ਸਾਨੂੰ ਨਹੀਂ ਧਰਵਾਸ
ਬੋਲ ਕੇ ਦੱਸੀਏ
ਬਾਬਾ ਜੀ ਦੇਖੋ
ਤਿਲ ਫੁੱਲ ਭੇਟਾਵਾਂ ਸੰਗਤਾਂ ਲਿਆਈਆਂ ਨਾਲ
ਬਾਬੇ ਗਾਉਂਦੇ
ਮੂਰਖੋ
*ਕਰਤੇ ਕਾ ਇਹੁ ਧਨੁ ਮਾਲੁ*

*Original with;*
Jaswant Singh Zafar
*Digitized by;*
Panjab Digital Library

ਬਾਬੇ ਗਾਉਂਦੇ
*ਮਨਮੁਖ ਮੂੜ ਮਾਇਆ ਚਿਤ ਵਾਸੁ*
ਮਾਇਆ ਵੱਟੇ ਸਭ ਲਈ ਅਰਦਾਸ
ਕਿ ਸਰਬੱਤ ਦੇ ਕਾਰਜ ਰਾਸ ਕਰਨੇ
ਬੁਰੇ ਵੀ ਬਰੀ ਜ਼ਾਲਮ ਵੀ ਜੇਤੂ
ਤੇ ਨਕਲਚੂ ਪਾਸ ਕਰਨੇ

ਬਾਬੇ ਗਾਉਂਦੇ
*ਜੋ ਤੁਧੁ ਭਾਵੈ ਸਾਈ ਭਲੀ ਕਾਰ*
ਪਰ ਸਾਡੀ ਸੁਣੋ ਪੁਕਾਰ
ਸਭ ਦੀਆਂ ਮਨੋਕਾਮਨਾ ਪੂਰੀਆਂ ਕਰਨਾ
ਸਿਰਫ਼ ਸੁੱਖ ਹੋਵੇ ਦੁੱਖਾਂ ਤੋਂ ਦੂਰੀਆਂ ਕਰਨਾ
ਪਰ ਬਾਬੇ ਗਾਉਂਦੇ
*ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ*

ਬਾਬੇ ਗਾਈ ਜਾਂਦੇ
ਤੇ ਮੁਸਕਰਾਈ ਜਾਂਦੇ
ਅਸੀਂ ਰਈਂ ਰਈਂ ਕਰੀ ਜਾਈਏ
ਦਈਂ ਦਈਂ ਕਰੀ ਜਾਈਏ

ਓਧਰ ਗੌਣ ਨਹੀਂ ਮੁੱਕਦਾ
ਏਧਰ ਰੋਣ ਨਹੀਂ ਸੁੱਕਦਾ
•

*Original with;*
Jaswant Singh Zafar
*Digitized by;*
Panjab Digital Library

## ਮਰਿਆਦਾ

ਪਤਾ ਨਹੀਂ ਗੁਰੂ ਜੀ
ਤੁਹਾਡੀ ਮੌਜ ਸੀ ਕਿ ਮਜਬੂਰੀ
ਚਾਰ ਸਿੰਘ ਬੁਲਾ ਲੈਂਦੇ
ਗ਼ੈਰ ਮਜ਼ਹਬ ਗਨੀ ਨਬੀ ਖਾਨਾਂ ਨੂੰ
ਕਾਹਨੂੰ ਚੁਕਾ ਤੁਰੇ ਮੰਜੀ
ਜਿਸ ਤੇ ਆਪ ਦੀ ਪਾਵਨ ਹਜ਼ੂਰੀ

ਪਰ ਤੁਸੀਂ ਤਾਂ ਦਰਬਾਰ ਵਿਚ ਵੀ
ਵੰਨ ਸੁਵੰਨੇ ਕਵੀ ਕਵੀਸ਼ਰਾਂ ਨੂੰ
ਚਮਲਾਈ ਰੱਖਦੇ ਸੀ
ਏਧਰ ਓਧਰ ਦੇ ਗੈਰ ਮਜ਼ਹਬਾਂ ਨੂੰ ਵੀ
ਗਾਉਣ ਲਾਈ ਰੱਖਦੇ ਸੀ

*Original with;*
Jaswant Singh Zafar
*Digitized by;*
Panjab Digital Library

ਪਰ ਸਾਡੀ ਮਰਿਆਦਾ ਪੱਕੀ
ਬੈਠ ਕੇ ਗੁਰੂ ਦੇ ਕੋਲ
ਗਾਉਣ ਲਈ ਬਾਣੀ ਦੇ ਬੋਲ
ਮਰਦਾਨੇ-ਪੁੱਤਰ ਹੱਥ ਰਬਾਬ ਨਹੀਂ
ਗਾਤਰੇ ਕਿਰਪਾਨ ਜ਼ਰੂਰੀ

ਅਸੀਂ ਰਹਿਤ ਪੱਕੀ ਰੱਖਦੇ
ਰਹਿਤੀ ਹੱਥੋਂ ਹੀ ਛੱਕਦੇ
ਪੂਰਾ ਪਰਹੇਜ਼ ਕਰਦੇ ਹਾਂ
ਪਰ ਤੁਹਾਡੇ ਸਾਹਿਬਜ਼ਾਦਿਆਂ ਦਾ ਲਿਹਾਜ਼ ਤੇ ਹੇਜ ਕਰਦੇ ਹਾਂ
ਆਖਦੇ ਹਾਂ ਕਿ ਉਹਨਾਂ ਦੀ ਸਿੱਖੀ
ਵਜੀਦੇ ਦੇ ਦਰਬਾਰ ਵਿਚ
ਸਰਹੰਦ ਦੀ ਦੀਵਾਰ ਵਿਚ
ਵੀ ਨਹੀਂ ਸੀ ਟੁੱਟੀ
ਪਰ ਸੱਚ ਪੁੱਛੋਂ ਉਹ ਸਿੱਖੀ ਤਾਂ
ਠੰਢੇ ਬੁਰਜ ਵਿਚ ਹੀ ਮੋਤੀ ਮਹਿਰੇ ਬੇਅੰਮ੍ਰਿਤੀਏ ਹੱਥੋਂ
ਦੁੱਧ ਪੀਣ ਨਾਲ ਗਈ ਸੀ ਭਿੱਟੀ
ਤੁਹਾਡੇ ਮੂੰਹ ਨੂੰ ਅਜਿਹਾ ਕਹਿਣ ਤੋਂ ਗੁਰੇਜ਼ ਕਰਦੇ ਹਾਂ

*Original with;*
Jaswant Singh Zafar
*Digitized by;*
Panjab Digital Library

ਤੁਸੀਂ ਬੜੀ ਘੌਲ਼ ਕੀਤੀ
ਅਸੀਂ ਮਰਿਆਦਾ ਅਨੁਸਾਰ
ਉਚੇਚੀ ਗੌਰ ਕੀਤੀ
ਮਾਤਾ ਗੁਜਰੀ ਦਾ ਨਾਂ ਗੁੱਜਰ ਕੌਰ ਕੀਤਾ
ਮਾਤਾ ਸੁੰਦਰੀ ਸੁੰਦਰ ਕੌਰ ਕੀਤੀ

ਗੁੱਸਾ ਨਾ ਕਰਨਾ
ਅਸੀਂ ਵਕਤ ਨੂੰ
ਪੁੱਠਾ ਗੇੜ ਚੜ੍ਹਾਉਣਾ ਹੈ
ਸੋਲਾਂ ਸੌ ਨੜਿਨਵੇਂ ਨੂੰ ਧੱਕ ਕੇ
ਚੌਦਾਂ ਸੌ ਉਣੱਤਰ ਤੇ ਪਹੁੰਚਾਉਣਾ ਹੈ
ਮਰਦਾਨੇ, ਰਾਏ ਬੁਲਾਰ, ਬਾਬੇ ਬੁੱਢੇ,
ਮੀਆਂ ਮੀਰ, ਭਾਈ ਗੁਰਦਾਸ ਨੂੰ
ਗੁਰੂ ਵਾਲੇ ਬਣਾਉਣਾ ਹੈ
ਪਹਿਲਾਂ 24 ਸਾਲਾ ਵਕਫਾ ਮਿਟਾਵਾਂਗੇ
ਮਤੀ ਸਤੀ ਦਾਸ ਦਿਆਲੇ ਨੂੰ ਸਿੰਘ ਸਜਾਵਾਂਗੇ

ਬੁੱਧੂ ਸ਼ਾਹ ਘਨੱਈਏ ਟੋਡਰ ਮੱਲ ਨੂਰੇ ਮਾਹੀ ਦੀ ਵੀ
ਗੱਲ ਸਿਰੇ ਲਾ ਕੇ ਛੱਡਾਂਗੇ
ਭਾਈ ਨੰਦ ਲਾਲ ਸਣੇ 52 ਕਵੀਆਂ ਨੂੰ
ਅੰਮ੍ਰਿਤ ਛਕਾ ਕੇ ਛੱਡਾਂਗੇ

ਦੇਖੀਂ, ਪੰਥ ਤੇਰੇ ਦੀਆਂ ਗੂੰਜਾਂ......

•

*Original with;*
Jaswant Singh Zafar
*Digitized by;*
Panjab Digital Library

## ਇਨਕਲਾਬ

ਸੀ. ਪੀ. ਆਈ.
ਆਈ. ਆਈ. ਆਈ...

ਸੀ. ਪੀ. ਐਮ.
ਐਮ. ਐਮ. ਐਮ...

ਬੱਸ ਆਈ ਐਮ, ਆਈ ਐਮ, ਆਈ ਐਮ

ਆਈ ਐਮ ਦੇ ਰੌਲੇ ਅੰਦਰ ਸੀ.ਪੀ. ਤੱਕ ਨਾ ਸੁਣਦੀ
ਦੁਨੀਆਂ ਭਰ ਦੇ ਮਿਹਨਤਕਸ਼ੋ
ਇਕ ਹੋ ਜਾਓ ਤਾਂ ਸੁਣਨਾ ਕੀ ਹੈ

ਆਈ ਐਮ ਦਾ ਸ਼ੋਰ ਸ਼ਰਾਬਾ
ਝਾੜ ਕੇ ਥੋੜ੍ਹਾ ਅੰਦਰੋਂ ਬਾਹਰੋਂ
ਵੀਅ ਸ਼ੁਡ, ਵੀਅ ਸ਼ੁਡ ਵੀ ਗਾਇਆ ਕਰੋ
ਕਦੇ ਕਦੇ ਯਾਰੋ
ਨਿੱਕਾ ਮੋਟਾ
ਇਨਕਲਾਬ ਵੀ ਲਿਆਇਆ ਕਰੋ
•

*Original with;*
Jaswant Singh Zafar
*Digitized by;*
Panjab Digital Library

## ਕਰਾਮਾਤ

ਕੱਲ੍ਹ ਦੇ ਦਿਨ ਸ਼ਹੀਦ ਹੋਇਆ ਰਹਿਬਰ
ਛੁੱਟੀ ਛਬੀਲ ਛਹਿਬਰ

ਅੱਜ ਆਮ ਕੰਮ ਕਾਜੀ ਦਿਨ
ਸਵੇਰੇ ਸਵੇਰੇ ਪਹਿਲਾਂ ਚੱਪਲ
ਤੇ ਫਿਰ ਕੰਘੀ ਨਾ ਲੱਭੇ
ਚੁੱਕੀ ਰੱਖੀ ਕਿਨ ?
ਮੈਂ ਰਿੱਝਦਾ ਖਿਝਦਾ
ਲੇਟ ਤਿਆਰ ਹੋਇਆ
ਠੰਡੀ ਕਾਰ ਤੇ ਸਵਾਰ ਹੋਇਆ

ਦਫ਼ਤਰ ਚੱਲਿਆ
ਆਟੋ ਰਿਕਸ਼ਿਆਂ ਸਾਰਾ ਰਾਹ ਮੱਲਿਆ
ਦੁਖੀ ਹੋਇਆ
ਜਵਾਲਾਮੁਖੀ ਹੋਇਆ

*Original with;*
Jaswant Singh Zafar
*Digitized by;*
Panjab Digital Library

ਪਹੁੰਚਾ ਦਫ਼ਤਰ
ਕਹਿਣ ਲੱਗਾ ਅਫ਼ਸਰ
ਲੇਟ ਆਉਂਦੇ ਹੋ
ਮੈਂ ਕਿਹਾ
    ਜਨਾਬ
    ਸਵੇਰੇ-ਸਵੇਰੇ ਕਿਉਂ ਗਰਮੀ ਚੜ੍ਹਾਉਂਦੇ ਹੋ ?

ਮਾਰਨ 'ਤੇ ਟੱਲੀ
ਆਵੇ ਨਾ ਤੁਰੰਤ ਪੀਅਨ ਬੱਲੀ
ਮੈਂ ਅੱਗ ਉਗਲਦਾ
ਕਮਰਾ ਠੰਡਾ ਪਰ ਖ਼ੂਨ ਉਬਲਦਾ

ਸ਼ਾਮੀਂ ਘਰ ਵਲ ਆਂਵਦਾ
ਹੋਰ ਗਰਮੀ ਖਾਂਵਦਾ
ਜਦ ਬੱਤੀ ਵਾਲੀ ਕਾਰ ਦੀ
ਐਸਕੌਰਟ ਹੂਟਰ ਮਾਰਦੀ

ਗਲੀ ਦਾ ਮੋੜ ਮੁੜਦਾ
ਗੁਆਂਢੋਂ ਹਾਸਾ ਸੁਣ ਜਲ਼ਦਾ ਕੁੜਦਾ

*Original with;*
Jaswant Singh Zafar
*Digitized by;*
Panjab Digital Library

ਘਰ ਵੜਦਾ
ਰਿਪੋਰਟ ਕਾਰਡ ਫੜਦਾ
ਸਕੂਲ ਜਾਂਦੇ ਆਪਣੇ ਬੱਚੇ ਦਾ
ਇਮਤਿਹਾਨ ਕੱਚੇ ਦਾ
ਪ੍ਰਾਪਤ ਬਟਾ ਕੁੱਲ ਅੰਕ ਪੜ੍ਹਦਾ
ਪਾਰਾ ਅਸਮਾਨ ਚੜ੍ਹਦਾ

ਇੰਜ ਤਪਦਾ ਤਪਾਉਂਦਾ
ਅੰਦਰ ਬਾਹਰ ਦਾ ਤਾਪਮਾਨ ਵਧਾਉਂਦਾ
ਅੱਜ ਦਾ ਕੰਮਕਾਜੀ ਦਿਨ ਮੁਕਾਉਂਦਾ

ਕੱਲ੍ਹ ਤਾਂ ਗੁਰੂ ਦਾ ਸ਼ਹੀਦੀ ਦਿਹਾੜਾ ਸੀ
ਜਿਸ ਦਾ ਸ਼ਬਦ ਕਰਮ ਧਰਮ ਕਾਰਜ
ਹਕੂਮਤ ਭਾਣੇ ਪੁਆੜਾ ਸੀ
ਤਿੱਖੜ ਧੁੱਪ ਸਿਰ ਤਪਦੀ ਰੇਤ ਸੀ
ਤੱਤੀ ਤਵੀ ਦਾ ਆਸਣ ਹੇਠ ਸੀ
ਸੜਦੇ ਸਨ ਚਮੜੀ ਚਰਬੀ ਮਾਸ
ਮਨ ਅੰਤਰ ਸੀਤਲਤਾ ਖਾਸ
ਮੁਸਕ੍ਰਾਉਂਦੇ
ਮੀਠਾ ਭਾਣਾ ਗਾਉਂਦੇ

ਗੁਰ ਸੱਚੇ ਦੀ ਵੱਡ ਕਰਾਮਾਤ
ਸਮਝ ਸਕਾਂ ਨਾ
ਝੂਠੀ ਹਸਤੀ ਛੋਟੀ ਜ਼ਾਤ

•

*Original with;*
Jaswant Singh Zafar
*Digitized by;*
Panjab Digital Library

## ਸ਼ਹੀਦੀ ਸ਼ਤਾਬਦੀ

ਸ਼ਹੀਦਾਂ ਦੇ ਸਿਰਤਾਜ
ਬੈਠੇ ਸ਼ਾਂਤਮਈ
ਤਪਦੀ ਤਵੀ ਨੂੰ ਠਾਰਦੇ
ਬਾਣੀ ਉਚਾਰਦੇ
*ਬ੍ਰਹਮ ਗਿਆਨੀ ਕੈ ਧੀਰਜੁ ਏਕ*

ਮੀਆਂ ਮੀਰ ਕੁਰਲਾ ਰਿਹਾ
ਬੇਵਸੀ ਦੇ ਅੱਥਰੂ ਵਹਾ ਰਿਹਾ
ਸ਼ਰਧਾਲੂ ਬੀਬੀ ਨਿਢਾਲ ਹੈ
ਗੱਚ ਭਰਿਆ ਬੁਰਾ ਹਾਲ ਹੈ
ਪਾਤਸ਼ਾਹ ਧੀਰਜ ਧਰਾਉਂਦੇ
ਤੇ ਸਮਝਾਉਂਦੇ
*ਸਾਧਸੰਗਿ ਦੁਸਮਨ ਸਭਿ ਮੀਤ*
ਸ਼ਾਂਤ ਚਿੱਤ ਮਨ ਸੀਤ
ਗੁਰ ਪੂਰੇ ਵੈਰੀ ਮਿੱਤਰ ਸਮਾਨ
ਉਚਰੀ ਬਾਣੀ ਨਿਭੈ ਪ੍ਰਾਣ

*Original with;*
Jaswant Singh Zafar
*Digitized by;*
Panjab Digital Library

ਐਸੇ ਸ਼ਹੀਦੀ ਦ੍ਰਿਸ਼ ਦਾ ਵੱਡ ਚਿੱਤਰ
ਸ਼ਹੀਦੀ ਸ਼ਤਾਬਦੀ ਮਨਾਉਣ ਲਈ
ਵੱਡੇ ਪੰਡਾਲ ਦੇ ਵੱਡੇ ਮੰਚ ਪਿੱਛੇ ਲੱਗਿਆ
ਸ਼ਬਦ ਗੁਰੂ ਸੁਸ਼ੋਭਿਤ
ਪੰਥਕ ਭਾਸ਼ਨ ਗੱਜਿਆ

*ਚੋਣਾਂ ਨੇੜੇ ਆ ਰਹੀਆਂ ਨੇ*
*ਐਤਕੀਂ ਅਸੀਂ ਕੁਰਸੀ ਤੇ ਬਵਾਂਗੇ*
*ਗਿਣ-ਗਿਣ ਬਦਲੇ ਲਵਾਂਗੇ*

ਬੋਲੇ ਸੋ ਨਿਹਾਲ
ਚਾਪਲੂਸ ਮੂੰਹ 'ਚੋਂ ਜੈਕਾਰਾ ਆਇਆ
ਭਾਸ਼ਨ ਢਿੱਡ 'ਚ ਮੁਸਕ੍ਰਾਇਆ
ਮੰਚ ਪਿੱਛੇ
ਪਾਤਸ਼ਾਹ ਦੀ ਤਸਵੀਰ ਮੁਸਕਰਾ ਰਹੀ
ਤੇ ਮੀਆਂ ਮੀਰ ਕੁਰਲਾ ਰਿਹਾ

•

*Original with;*
Jaswant Singh Zafar
*Digitized by;*
Panjab Digital Library

## ਨੌਕਰਸ਼ਾਹੀ

ਵੱਡੇ ਸ਼ਹਿਰ ਦੇ ਵੱਡੇ ਰੇਲਵੇ ਸਟੇਸ਼ਨ ਦੇ
ਉੱਚ ਸ਼੍ਰੇਣੀ ਉਡੀਕ ਘਰ ਵਿਚ
ਦਲ਼ੀ ਮਲ਼ੀ ਮਰਦੀ
ਬਾਹਰ ਪੁਰਾਣੀ ਕੁਰਸੀ ਤੇ ਬੈਠੀ ਤਿਊੜੀ ਬੇਖ਼ਬਰ ਹੈ
ਉਸ ਨੂੰ ਕਿਸੇ ਉਡੀਕਵਾਨ ਦੀ ਉਡੀਕ ਨਹੀਂ

ਤਿਊੜੀ ਆਉਣ ਵਾਲੇ ਉਡੀਕਵਾਨ ਨੂੰ
ਯਾਤਰਾ ਪੱਤਰ ਦੇ ਵੇਰਵੇ ਦਰਜ਼ ਕਰਨ ਦਾ ਹੁਕਮ ਕਰਦੀ
ਤਣੀ ਹੋਈ ਉਂਗਲ
ਹਰ ਖਾਨਾ ਬਕਾਇਦਾ ਭਰਨ ਦੀ ਤਾਕੀਦ ਕਰਦੀ
ਐਂਟਰੀ ਕੀਤੇ ਬਿਨ ਅੰਦਰ ਵੱਲ ਚੁੱਕੇ ਮੂੰਹ ਨੂੰ
ਝਈਆਂ ਲੈ ਪੈਂਦੀ
ਹੇਠਲੀ ਸ਼੍ਰੇਣੀ ਦਾ ਯਾਤਰਾ ਪੱਤਰ ਦੇਖ
ਜਦ ਤਿਊੜੀ ਚੰਗਿਆੜੇ ਛੱਡਣ ਲਗਦੀ

*Original with;*
Jaswant Singh Zafar
*Digitized by;*
Panjab Digital Library

ਤਾਂ
ਉਡੀਕ ਘਰ ਦੇ ਮੱਥੇ ਤੇ ਲੱਗੀ
ਉੱਚ ਸ਼੍ਰੇਣੀ ਦੀ ਤਖ਼ਤੀ ਦੇ ਅੱਖਰਾਂ ਦੀ ਮੈਲ਼ ਚਿਲਕ ਉਠਦੀ
ਤਣੀ ਉਂਗਲ ਤਖ਼ਤੀ ਵੱਲ ਇਸ਼ਾਰਾ ਕਰਦੀ
ਹੇਠਲੀ ਸ਼੍ਰੇਣੀ ਦੇ ਯਾਤਰਾ ਪੱਤਰ ਨੂੰ
ਕੱਚਾ ਜਿਹਾ ਕਰ ਅਗਾਂਹ ਤੋਰ ਦਿੰਦੀ

ਸਟੇਸ਼ਨ ਤੇ ਨਿੱਕ ਸੁਕ ਵੇਚਣ ਵਾਲੇ
ਮੁੰਡੂ ਦੇ ਆਉਣ ਤੇ
ਤਿਊੜੀ ਕੁਝ ਢੈਲ਼ੀ ਪੈਂਦੀ
ਉਸ ਬੇਟਿਕਟੇ ਨੂੰ ਤੈਅਸ਼ੁਦਾ ਤਰੀਕੇ
ਅੰਦਰ ਲੰਘਾਉਂਦੀ

ਤਿਊੜੀ ਸਰਕਾਰੀ ਹੈ
ਪੱਕੀ ਸਰਕਾਰੀ
ਚੌਥੇ ਦਰਜੇ ਦੀ ਹੋ ਕੇ ਵੀ
ਉੱਚ ਸ਼੍ਰੇਣੀ ਤੋਂ ਉਪਰ ਹੈ
ਇਸ ਤਰ੍ਹਾਂ ਉੱਚ ਸ਼੍ਰੇਣੀ ਦਾ ਦਰਜਾ ਪੰਜਵਾਂ ਹੈ
ਬਾਕੀ ਸ਼੍ਰੇਣੀਆਂ ਦਾ ਦਰਜਾ ਕੀ ਹੈ
ਇਸ ਉੱਚ ਸ਼੍ਰੇਣੀ ਉਡੀਕ ਘਰ ਅੰਦਰਲੇ
ਗ਼ੁਸਲਖਾਨੇ ਦੀ ਹਾਲਤ ਤੋਂ ਪੁੱਛ ਸਕਦੇ ਹੋ

*Original with;*
Jaswant Singh Zafar
*Digitized by;*
Panjab Digital Library

## ਲੀਲ੍ਹਾ *

ਕਨੇਡਿਓਂ ਗੇੜਾ ਮਾਰਨ ਆਇਆ
ਸੱਥ 'ਚ ਬੈਠਾ ਅਜਮੇਰ ਸੋਚਦਾ
ਪਿੰਡ ਆਇਆਂ ਲੋਕੀ ਨਿਵ ਕੇ ਦੁਆ ਸਲਾਮਾਂ ਕਰਦੇ
ਸੁੱਖ ਸਾਂਦ ਪੁੱਛਦੇ
ਜੀ ਜੀ ਕਰਕੇ ਬੁਲਾਉਂਦੇ
ਪੇਸ਼ ਆਉਂਦੇ ਅਧੀਨ ਜਹੇ ਹੋ ਕੇ
ਬੜੀ ਹੈਰਾਨੀ ਹੁੰਦੀ
ਕਿਓਂ ਕਰਦੇ ਨੇ ਮੇਰੀ ਇੱਜ਼ਤ
ਮੈਂ ਇਹਨਾਂ ਲਈ ਕੁਛ ਨਹੀਂ ਕੀਤਾ
ਨਾ ਕੁਛ ਕਰਨਾ
ਕੋਲ ਬੈਠਾ ਨਵਤੇਜ ਹੱਸਿਆ
ਏਸ ਲਈ ਨਹੀਂ ਇੱਜ਼ਤ ਕਰਦੇ ਪਿੰਡ ਦੇ ਲੋਕੀ
ਕਿ ਤੁਸੀਂ ਉਨ੍ਹਾਂ ਲਈ ਕੀ ਕੀਤਾ
ਜਾਂ ਕੀ ਕਰਨਾ ਹੈ
ਇਹ ਤਾਂ ਵੇਂਹਦੇ
ਕਿ ਤੁਸੀਂ ਕੌਣ ਹੋ
ਤੇ ਕਿਹੋ ਜਿਹੇ ਹੋ
ਇਕ ਬਾਬੇ ਨੇ ਗੱਲ ਮੁਕਾਈ
ਓ ਦੇਖੋ ਭਾਈ
ਭਾਵੇਂ ਤੁਸੀਂ ਕਨੇਡੇ ਤੁਰ ਗਏ
ਪਰ ਪਿੰਡ 'ਚ
ਮਾੜਾ ਮੋਟਾ ਪਿੰਡ ਹਾਲੇ ਵੀ ਵਸਦਾ
ਮਗਰੋਂ ਪਿੰਡ ਸਾਰੇ ਦਾ ਸਾਰਾ
ਨਾ ਕਾਮਰੇਟ ਨਾ ਬਾਣੀਆਂ ਹੋਇਆ
•

*( * ਰੋਡੇ ਭਰਾਵਾਂ ਦੀ ਸਾਂਝੀ ਕਾਵਿ ਕਿਤਾਬ)*

*Original with;*
Jaswant Singh Zafar
*Digitized by;*
Panjab Digital Library

## ਕੁੱਖਾਂ 'ਚ ਕਤਲ ਹੁੰਦੀਆਂ ਕੁੜੀਆਂ

ਕਵੀ ਜੀ!
ਕਿਹੜੇ ਕਤਲ ਦੀ ਗੱਲ ਕਰਦੇ ਹਾਂ?
ਪੁੱਠੀ ਵਗਦੀ ਹਵਾ ਨਾਲ
ਆਪਣੇ ਸਾਹ ਵੀ ਜੁੜੇ ਹਨ

ਜੇ ਤੂੰ ਕਦੀ ਮਾਂ ਦੀ ਗਾਲ਼ ਕੱਢੀ ਹੈ
ਤਾਂ ਇਸ ਕਤਲ ਦੇ ਖ਼ਿਲਾਫ਼ ਕਵਿਤਾ ਲਿਖਣ ਦੀ
ਕੋਈ ਲੋੜ ਨਹੀਂ
ਜੇ ਕਦੀ ਭੈਣ ਦੀ ਗਾਲ਼ ਕੱਢੀ ਹੈ
ਤਾਂ ਇਸ ਕਤਲ ਦੇ ਖ਼ਿਲਾਫ਼ ਕਵਿਤਾ ਲਿਖਣ ਦਾ
ਕੋਈ ਮਤਲਬ ਨਹੀਂ
ਜੇ ਕਦੀ ਧੀ ਦੀ ਗਾਲ਼ ਕੱਢੀ ਹੈ
ਤਾਂ ਇਸ ਕਤਲ ਦੇ ਖ਼ਿਲਾਫ਼ ਕਵਿਤਾ ਲਿਖਣ ਦਾ
ਤੈਨੂੰ ਕੋਈ ਹੱਕ ਨਹੀਂ

ਕੁੱਖਾਂ ਅੰਦਰਲੀਆਂ ਕੁੜੀਆਂ
ਜਦ ਹਵਾ 'ਚ ਖਿਲਰੀਆਂ
ਮਾਵਾਂ ਭੈਣਾਂ ਧੀਆਂ ਦੀਆਂ ਗਾਲ਼ਾਂ ਸੁਣਦੀਆਂ
ਤਾਂ ਜੰਮਣੋਂ ਇਨਕਾਰ ਕਰਦੀਆਂ
ਤੇ ਮਮਤਾ ਮੂਰਤਾਂ ਮਾਵਾਂ ਨੂੰ
ਸਾਡੀਆਂ ਝੂਠੀਆਂ ਕਵਿਤਾਵਾਂ ਦੀ ਬਜਾਏ
ਅਣਜੰਮੀਆਂ ਧੀਆਂ ਦੀ
ਸੱਚੀ ਜ਼ਿਦ ਅੱਗੇ ਝੁਕਣਾ ਪੈਂਦਾ ਹੈ

ਕਵੀ ਜੀ, ਕਿਹੜੇ ਕਤਲ ਦੀ ਗੱਲ ਕਰਦੇ ਹੋ?

•

*Original with;*
Jaswant Singh Zafar
*Digitized by;*
Panjab Digital Library

## ਮਕਾਨ ਬਣਾਉਂਦਿਆਂ

ਪਾਣੀ ਖ਼ੁਸ਼ਕ ਇੱਟਾਂ 'ਤੇ ਪੈਂਦਾ
ਤਰ ਹੋ ਖ਼ੁਸ਼ ਹੁੰਦੀਆਂ ਇੱਟਾਂ
ਪਾਣੀ ਸੁੱਕੇ ਰੇਤੇ ਚੂਨੇ 'ਤੇ ਪੈਂਦਾ
ਉਹ ਮੁਸਕ੍ਰਾਉਂਦੇ

ਪਰ ਪਾਣੀ ਮੈਨੂੰ ਉਦਾਸ ਲੱਗਦਾ
ਉਸ ਨੂੰ ਬੜੀ ਦੇਰ ਹੋਈ
ਸਮੁੰਦਰ ਤੋਂ ਆਇਆਂ
ਮੱਛੀਆਂ ਤੋਂ ਵਿਛੜਿਆਂ
ਪਾਣੀ ਤਾਂ ਮੱਛੀਆਂ ਨੂੰ ਮਿਲਣਾ ਚਾਹੁੰਦਾ
•

*Original with;*
Jaswant Singh Zafar
*Digitized by;*
Panjab Digital Library

## ਖ਼ੂਨ ਪਸੀਨਾ ਸਿਆਹੀ

ਮਜ਼ਦੂਰ ਇੱਟਾਂ ਵੱਟੇ ਢੋਅ ਰਹੇ
ਰਾਜ ਚਿਣ ਰਹੇ
ਮੇਰਾ ਸਿਆਹੀ ਦੀ ਕਮਾਈ ਨਾਲ
ਮਕਾਨ ਬਣ ਰਿਹਾ ਹੌਲੀ ਹੌਲੀ

ਨਾਲ ਨਾਲ ਮੈਂ ਵੀ ਬਣ ਰਿਹਾਂ

ਬਣਕੇ ਮਕਾਨ ਬੰਦੇ ਨੂੰ ਨਵਾਂ ਜਹਾਨ ਦਿੰਦਾ
ਬਣਦਾ ਮਕਾਨ ਬੰਦੇ ਨੂੰ ਬੜਾ ਗਿਆਨ ਦਿੰਦਾ

*Original with;*
Jaswant Singh Zafar
*Digitized by;*
Panjab Digital Library

ਸਿਆਹੀ ਦੀ ਕਮਾਈ ਨਾਲ ਬਣਦੇ ਮਕਾਨ ਨੇ
ਮੈਨੂੰ ਦੱਸਿਆ
ਕਿ ਕਿਰਾਏ ਦੇ ਮਕਾਨ ਦੀ ਕੰਧ ਵਿਚ
ਕਿੱਲ ਠੋਕਣ ਤੇ
ਮਾਲਕ ਮਕਾਨ ਦਾ ਸੀਨਾ ਕਿਓਂ ਪਾਟਦਾ ਸੀ
ਉਸ ਦਾ ਮਕਾਨ ਪਸੀਨੇ ਦੀ ਕਮਾਈ ਦਾ ਸੀ

ਮੇਰੇ ਬੱਚੇ ਦੇ ਮਾਮੂਲੀ ਸੱਟ ਲੱਗਣ 'ਤੇ
ਪਤਨੀ ਦੀਆਂ ਅੱਖਾਂ 'ਚੋਂ
ਪਰਲ ਪਰਲ ਅੱਥਰੂ ਵਗਦੇ
ਤਾਂ ਮੈਂ ਖਿਝਦਾ
ਕਿ ਰੋਣ ਵਾਲੀ ਕਿਹੜੀ ਗੱਲ ਹੋਈ
ਪਰ ਹੁਣ ਮੈਂ ਖਿਝਦਾ ਤਾਂ ਮੈਨੂੰ ਸਮਝਾਉਂਦਾ
ਸਿਆਹੀ ਦੀ ਕਮਾਈ ਨਾਲ ਬਣਦਾ ਮਕਾਨ
ਕਿ ਖਿਝ ਨਾ ਭਲਿਆ ਮਾਣਸਾ
ਬੱਚੇ ਮਾਵਾਂ ਦੇ ਖ਼ੂਨ ਦੀ ਕਮਾਈ ਨਾਲ ਬਣੇ ਹਨ

ਬਣਕੇ ਮਕਾਨ ਬੰਦੇ ਨੂੰ ਨਵਾਂ ਜਹਾਨ ਦਿੰਦਾ
ਬਣਦਾ ਮਕਾਨ ਬੰਦੇ ਨੂੰ ਬੜਾ ਗਿਆਨ ਦਿੰਦਾ
•

*Original with;*
Jaswant Singh Zafar
*Digitized by;*
Panjab Digital Library

## ਮਾਮੀ ਮਰੀ 'ਤੇ

ਜਿਉਂਦੇ ਜੀਅ ਮਾਮੀ ਤਰਸੇਮ ਕੌਰ
ਮੈਨੂੰ ਭੁੱਲੀ ਤਾਂ ਨਹੀਂ ਸੀ ਹੋਈ
ਪਰ ਉਹਦਾ ਕਿੰਨਾ ਕੁਛ ਭੁੱਲਿਆ ਹੋਇਆ ਸੀ
ਅੱਜ ਮਰੀ ਤੇ ਯਾਦ ਆਇਆ

ਯਾਦ ਆਇਆ ਉਹਦਾ ਮਾਂ ਨੂੰ ਬੀਬੀ ਪਾਸ਼ੀ ਕਹਿਣਾ
ਉਹਦਾ ਆਏ ਪ੍ਰਾਹੁਣੇ ਤੋਂ
ਨਿਆਣੇ ਨਿੱਕਿਆਂ ਦਾ ਹਾਲ ਪੁੱਛਣ ਦਾ ਸਲੀਕਾ
ਯਾਦ ਆਏ ਉਹਦੇ ਲੰਮੇ ਪਤਲੇ ਹੱਥ
ਘਰ ਦਾ ਕੰਮਕਾਰ ਜਾਂ ਸਿਰ ਦਾ ਲੀੜਾ ਸੁਆਰਦੇ
ਉਹਦਾ ਕੰਨਾਂ ਤੋਂ ਅੱਗੇ ਤੱਕ ਲੀੜਾ ਰੱਖਣਾ ਯਾਦ ਆਇਆ

ਇਹ ਵੀ ਯਾਦ ਆਇਆ ਕਿ ਮਾਮੀ ਦੀਆਂ ਬਾਹਵਾਂ
ਕਦੇ ਵੱਖੀਆਂ ਬਰੋਬਰ ਸਿੱਧੀਆਂ ਲਮਕਦੀਆਂ ਨਹੀਂ ਸੀ ਦੇਖੀਆਂ
ਖੜ੍ਹੀ ਗੱਲਾਂ ਕਰਦੀ ਮਾਮੀ ਦੇ ਹੱਥ ਵੀ
ਇਕ ਦੂਏ ਨੂੰ ਛੂੰਹਦੇ ਹੁੰਦੇ
ਜਾਂ ਅੱਧ ਜੁੜੇ ਹੁੰਦੇ

*Original with;*
Jaswant Singh Zafar
*Digitized by;*
Panjab Digital Library

ਯਾਦ ਆਇਆ ਉਹਦਾ ਨਾ-ਘੂਰਨਾ, ਨਾ-ਡਾਂਟਣਾ
ਨਾ-ਉੱਚਾ ਬੋਲਣਾ, ਨਾ-ਬਹਿਸਣਾ
ਯਾਦ ਆਇਆ ਉਹਦਾ ਤਿਊੜੀ ਰਹਿਤ ਮੱਥਾ

ਯਾਦ ਆਈ
ਉਹਦੇ ਚੋਂ ਨਣਦ ਜਾਂ ਜਿਠਾਣੀ ਵਾਲੇ
ਲੱਛਣਾਂ ਦੀ ਗ਼ੈਰ ਹਾਜ਼ਰੀ
ਮਾਮੀ ਅੰਦਰੋਂ ਸੱਸ ਕਦੇ ਨਾ ਦਿਸੀ ਸੀ
ਮਾਮੀ ਕੁਛ ਜ਼ਿਆਦਾ ਹੀ ਮਾਮੀ ਸੀ

ਯਾਦ ਆਈ ਉਹਦੀ ਨਿਰਲੇਪਤਾ ਸਭ ਰੌਲ਼ਿਆਂ ਤੋਂ
ਉਹਦੀ ਅਣਜਾਣਤਾ ਕਈ ਆਮ ਗੱਲਾਂ ਤੋਂ
ਅੱਜ ਮਾਮੇ ਨੇ ਕਿਹਾ
ਕਬੀਲਦਾਰੀ ਦੇ ਹੱਕ ਨੂੰ ਬੜੀ ਸਿਆਣੀ ਸੀ
ਤਾਂ ਯਾਦ ਆਇਆ
ਆਏ ਗਏ ਤੇ ਮਾਮੇ ਦਾ ਮਾਮੀ ਨੂੰ ਭੋਲ਼ੋ ਕਹਿ ਕੇ
ਟਿੱਚਰ ਕਰਨ ਦਾ ਦਿਖਾਵਾ ਕਰਨਾ

ਇਹ ਸਭ ਮੈਨੂੰ ਕਿਉਂ ਭੁੱਲਿਆ ਹੋਇਆ ਸੀ
ਜੋ ਯਾਦ ਕਰਾਉਣ ਲਈ
ਮਾਮੀ ਨੂੰ ਮਰਨਾ ਪਿਆ

*Original with;*
Jaswant Singh Zafar
*Digitized by;*
Panjab Digital Library

## ਪਰਵਾਸੀ

ਤੱਕਦਾਂ ਜਦ ਸਵੇਰੇ
ਸੜਕ ਕਿਨਾਰੇ
ਮਜ਼ਦੂਰਨਾ ਲੀੜਿਆਂ ਸਣੇ ਨਹਾਉਂਦੀਆਂ
ਬੇਸਾਈਜ਼ੇ ਪੁਰਾਣੇ ਪੰਜਾਬੀ ਸੂਟ ਪਾ
ਘਰੀਂ ਸਫ਼ਾਈਆਂ ਕਰਨ ਜਾਂਦੀਆਂ
ਖੁੱਲ੍ਹੇ ਕਮੀਜ਼
ਲੰਮੀਆਂ ਸਲਵਾਰਾਂ
ਪੈਰਾਂ 'ਚ ਫਸਦੇ ਪੌਂਚੇ
..................
..................
ਤਾਂ
ਪਰਦੇਸ 'ਚ ਰੁਜ਼ਗਾਰ ਕਮਾਉਂਦੀ
ਮਾਂ ਯਾਦ ਆਉਂਦੀ
•

*Original with;*
Jaswant Singh Zafar
*Digitized by;*
Panjab Digital Library

## ਧਰਤੀ ਖੜ੍ਹੀ ਹੈ

ਗੱਡੀ 'ਚ ਇਕੱਲੇ ਸਫ਼ਰ ਕਰਦਿਆਂ
ਮੈਂ ਚੰਗਾ ਹੁੰਨਾਂ
ਘਰ ਦਫ਼ਤਰ ਜਾਂ ਬਾਜ਼ਾਰ ਵਿਚ ਹੋਣ ਨਾਲੋਂ
ਸਾਥੀ ਸਵਾਰੀਆਂ ਨਾਲ਼ ਈਰਖਾ ਨਹੀਂ
ਗੱਲਾਂ ਕਰਦਾ ਹਾਂ ਏਧਰਲੀਆਂ ਓਧਰਲੀਆਂ
ਗੱਲਾਂ ਓਹਲੇ ਲੁਕਣ ਦਾ ਤਨਾਅ ਨਹੀਂ
ਖੁੱਲ੍ਹਣ ਦਾ ਚਾਅ ਹੁੰਦਾ

ਕਦੇ ਬਿਸਕੁਟ ਪੇਸ਼ ਕਰਦਾ ਹਾਂ
ਮੁਸਕਰਾਉਂਦਾ ਹਾਂ
ਕਦੇ ਆਪਣੇ ਬੱਚਿਆਂ ਦੀ ਤਸਵੀਰ ਦਿਖਾਉਂਦਾ ਹਾਂ
ਸਰੋਕਾਰ ਵਧਾਉਂਦਾ ਹਾਂ
ਸੀਟ ਹੇਠੋਂ ਚੱਪਲ ਕੱਢ ਕੇ ਦਿੰਦਾ ਹਾਂ
ਬਾਥਰੂਮ ਜਾਣ ਲਈ ਰਾਹ ਦਿੰਦਾ ਹਾਂ
ਆਰਾਮ ਨਾਲ ਲੇਟਣ ਦੀ ਸਲਾਹ ਦਿੰਦਾ ਹਾਂ

*Original with;*
Jaswant Singh Zafar
*Digitized by;*
Panjab Digital Library

ਦੂਜੇ ਦੀ ਰੀਸ 'ਤੇ ਆਪਣੀ ਤਾਰੀਫ਼ ਨਹੀਂ ਕਰਦਾ
ਜਿੰਨਾ ਚੰਗਾ ਹੁੰਨਾ
ਓਸ ਤੋਂ ਵੱਧ ਚੰਗਾ ਹੋਣ ਦੀ ਕੋਸ਼ਿਸ਼ ਕਰਦਾਂ
ਕਿਸੇ ਦਾ ਖੋਹਣ ਤੇ ਆਪਣਾ ਬਚਾਉਣ ਦੀ ਉਚੇਚ ਨਹੀਂ ਹੁੰਦੀ

ਇਸ ਤਰ੍ਹਾਂ ਦਾ ਮੈਂ ਸਿਰਫ਼ ਚੱਲਦੀ ਗੱਡੀ 'ਚ ਹੀ ਹੁੰਨਾਂ
ਧਰਤੀ 'ਤੇ ਨਹੀਂ ਹੁੰਦਾ

ਧਰਤੀ 'ਤੇ ਹੋਣ ਵੇਲੇ ਵੀ ਭਾਵੇਂ
ਹੁੰਦਾ ਤਾਂ ਸਫ਼ਰ 'ਚ ਹਾਂ
ਧਰਤੀ ਦਾ ਤਲ ਹਜ਼ਾਰ ਮੀਲ ਦੀ ਰਫ਼ਤਾਰ 'ਤੇ ਘੁੰਮਦਾ
ਹਜ਼ਾਰਾਂ ਮੀਲ ਦੀ ਰਫ਼ਤਾਰ ਨਾਲ ਗ੍ਰਹਿਪੰਧ 'ਤੇ ਦੌੜਦੀ ਧਰਤੀ
ਪਰ ਮੇਰਾ ਚਿੱਤ ਨਹੀਂ ਮੰਨਦਾ
ਮੇਰੇ ਮਨ ਵਿਚ ਤਾਂ ਖੜ੍ਹੀ ਹੈ ਧਰਤੀ
ਚੜ੍ਹਦੇ ਛਿਪਦੇ ਸੂਰਜ ਚੰਨ ਤਾਰੇ
ਘੁੰਮਦੇ ਲਗਦੇ ਖੜ੍ਹੀ ਧਰਤੀ ਦੁਆਲੇ
ਕਿਤਾਬਾਂ ਵਿਚ ਲਿਖੇ ਵਾਂਗ ਧਰਤੀ
ਘੁੰਮਦੀ ਤੁਰਦੀ ਉਡਦੀ ਨਾ ਲੱਗਦੀ
ਤਦੇ ਕਿਤਾਬਾਂ ਵਿਚ ਲਿਖੇ ਵਰਗੀ
ਜਾਂ ਗੱਡੀ ਵਾਲੀ ਜ਼ਿੰਦਗੀ
ਮੇਰੀ ਨਹੀਂ ਬਣਦੀ
ਜਦੋਂ ਮੈਂ ਧਰਤੀ 'ਤੇ ਹੁੰਨਾਂ
•

*Original with;*
Jaswant Singh Zafar
*Digitized by;*
Panjab Digital Library

## ਜਿਨ ਮੁਖਿ ਲੋਇਣ ਨਾਹਿ

ਅੱਖਾਂ ਵਿਹੂਣਾ ਬੰਦਾ
ਨਜ਼ਰ ਵਿਹੂਣਾ ਨਹੀਂ ਹੁੰਦਾ
ਅੰਨ੍ਹਾ ਨਹੀਂ ਹੁੰਦਾ
ਸਭ ਰੰਗ ਢੰਗ ਜਾਣਦਾ

ਓਹਦੇ ਕੰਨਾਂ ਉਤੇ ਅੱਖਾਂ
ਨੱਕ 'ਤੇ ਅੱਖਾਂ
ਉਂਗਲਾਂ ਦੇ ਪੋਟਿਆਂ 'ਤੇ
ਪੈਰਾਂ 'ਤੇ ਅੱਖਾਂ

ਦੋ ਅੱਖਾਂ ਗਈਆਂ
ਪਰ ਗੁਆਚੀਆਂ ਨਹੀਂ
ਕਰੋੜਾਂ ਹਿੱਸਿਆਂ 'ਚ ਵੰਡੀਆਂ ਗਈਆਂ
ਹਰ ਹਿੱਸਾ ਪੂਰੀ ਅੱਖ
ਜਿਵੇਂ ਚੁੰਬਕ ਦਾ ਹਰ ਟੁਕੜਾ ਪੂਰਾ ਚੁੰਬਕ

*Original with;*
Jaswant Singh Zafar
*Digitized by;*
Panjab Digital Library

ਗੁਆਚੀ ਅੱਖ ਦਾ ਇਕ-ਇਕ ਟੁਕੜਾ
ਜਿਸਮ ਦੇ ਹਰ ਸੈੱਲ ਨਾਲ ਜੁੜ ਗਿਆ
ਤੇ ਬਚਦੇ ਟੁਕੜਿਆਂ ਨੂੰ ਪੀਸ ਕੇ
ਕੁਦਰਤ ਨੇ ਉਸ ਦੇ ਖ਼ੂਨ ਵਿਚ ਘੋਲ਼ ਦਿੱਤਾ

ਉਸ ਦੇ ਜਿਸਮ ਦੇ ਅੰਦਰ ਬਾਹਰ
ਅਰਬਾਂ ਖ਼ਰਬਾਂ ਅਸੰਖ ਅੱਖਾਂ
ਜਾਂ ਫਿਰ ਪੂਰਾ ਜਿਸਮ ਹੀ
ਇਕ ਵੱਡੀ ਸਾਰੀ ਅੱਖ

ਇਕ ਵਾਰ ਮੈਂ ਆਪਣੇ ਚਿੱਤੋਂ
ਇਕ ਅੰਨ੍ਹੇ ਨੂੰ ਸਹਾਰਾ ਦੇਣ ਲੱਗਾ
ਤਾਂ ਉਸ ਕਿਹਾ
ਛੱਡੋ ਜੀ ਰਹਿਣ ਦਿਓ
ਮੈਂ ਤੁਹਾਡੇ ਨਾਲੋਂ ਜ਼ਿਆਦਾ ਦੇਖ ਸਕਦਾਂ
ਤੁਹਾਨੂੰ ਸਿਰਫ਼ ਸਥੂਲ ਦਿਸਦਾ
ਸੂਖ਼ਮ ਉਸਦੇ ਓਹਲੇ ਛੁਪਿਆ ਰਹਿੰਦਾ
ਮੈਨੂੰ ਸੂਖ਼ਮ ਦੇ ਆਰੋਂ-ਪਾਰੋਂ ਸਥੂਲ ਦਿਸਦਾ
ਤੁਹਾਡੀ ਨਜ਼ਰ ਦਿਨ ਅਤੇ ਰੌਸ਼ਨੀ ਦੀ ਮੁਥਾਜ ਹੈ
ਮੈਂ ਰਾਤ ਨੂੰ ਵੀ ਦੇਖ ਲੈਂਦਾ ਹਾਂ
ਮੇਰਾ ਦਿਨ ਚੌਵੀ ਘੰਟੇ ਦਾ ਹੈ

ਬਾਬਿਆਂ ਤਾਂ ਕਿਹਾ ਹੋਇਆ
*ਅੰਧੇ ਏਹਿ ਨ ਆਖੀਅਨਿ.........*

•

*Original with;*
Jaswant Singh Zafar
*Digitized by;*
Panjab Digital Library

## ਗੋਆ ਬੀਚ 'ਤੇ

ਕੋਈ ਗਿਆਨ ਮੁਦਰਾ
ਤੇ ਕੋਈ ਧਿਆਨ ਮੁਦਰਾ 'ਚ
ਅਰਧ ਅਲਪ ਨਿਰ ਵਸਤਰ
ਸਮੁੰਦਰ ਕਿਨਾਰੇ ਲੇਟੀਆਂ
ਮਾਵਾਂ ਭੈਣਾਂ ਪਤਨੀਆਂ
ਸਹੇਲੀਆਂ ਬਹੂ ਬੇਟੀਆਂ

ਲੰਮੇ ਸਾਹ ਭਰਦੀਆਂ
ਤਨਾਂ ਮਨਾਂ ਨੂੰ ਸੁਰ ਕਰਦੀਆਂ
ਬੰਦ ਨੈਣ ਪੂਰਨ ਵਿਸ਼ਰਾਮ
ਪ੍ਰਾਣਾਯਾਮ
ਧਿਆਨ ਧਰਦੀਆਂ

ਕੁਝ ਕਿਤਾਬਾਂ ਪੜ੍ਹਦੀਆਂ
ਸ਼ਬਦਾਂ ਦੇ ਵਹਿਣੀ ਹੜ੍ਹਦੀਆਂ

*Original with;*
Jaswant Singh Zafar
*Digitized by;*
Panjab Digital Library

ਸਾਲ ਛਿਮਾਹੀ ਦੇ ਥਕੇਵੇਂ ਧੋਂਦੀਆਂ
ਅਕੇਵੇਂ ਨਿਚੋੜਦੀਆਂ
ਤੀਰਥ ਯੋਗ ਪਾਉਂਦੀਆਂ
ਰੋਮਾਂ ਥਾਣੀਂ ਧੁੱਪ ਕਣ ਰਚਾਉਂਦੀਆਂ
ਅਬੋਲ ਸੂਰਯਾ ਨਮਸਕਾਰ ਗਾਉਂਦੀਆਂ

ਕੁਝ ਲਹਿਰਾਂ ਨਾਲ ਲਹਿਰਦੀਆਂ
ਛੱਲਾਂ ਨਾਲ ਛਲਕਦੀਆਂ
ਕਦੇ ਲਾਉਣ ਟੁੱਭੀਆਂ
ਕਦੇ ਤਲ ਤੇ ਤਰਦੀਆਂ
ਮਾਰਨ ਕਿਲਕਾਰੀਆਂ
ਹਸੀ ਯੋਗ ਕਰਦੀਆਂ

ਮੈਂ ਜੋ ਮੁੰਡੀਹਰ ਬਣ
ਮੇਲਾ ਵੇਹਣ ਆਇਆ ਸੀ
ਮਨ ਖਚਰ ਅੱਖ ਲਚਰ
ਬੜਾ ਗਹਿਰਾ ਛਾਇਆ ਸੀ
ਗਿਆਨ ਧਿਆਨ ਯੋਗ ਦਾ
ਸ਼ਿਵਰ ਤੱਕ ਕੇ ਜਾ ਰਿਹਾਂ
ਕੇਸੀਂ ਪਾਣੀ ਖਾਰਾ
ਚੱਪਲੀਂ ਰੇਤਾ ਤੇ ਮਨ 'ਚ
ਸ਼ਰਮਿੰਦਗੀ ਲਿਜਾ ਰਿਹਾਂ

•

*Original with;*
Jaswant Singh Zafar
*Digitized by;*
Panjab Digital Library

## ਸਮੂਹਿਕ ਵਿਆਹ

ਸਮੂਹਿਕ ਵਿਆਹ
ਸਿਰਫ਼ ਨਾਮਧਾਰੀਆਂ
ਤੇ ਗ਼ਰੀਬ ਬੱਚੀਆਂ ਦੇ ਹੀ ਨਹੀਂ ਹੁੰਦੇ

ਜਿੱਥੇ ਮੁੰਡੇ ਕੁੜੀ ਦਾ ਵਿਆਹ ਹੁੰਦਾ ਹੋਵੇ
ਉਥੇ ਹੋਰ ਕਿੰਨੇ ਸਾਰੇ ਵਿਆਹ ਹੋ ਰਹੇ ਹੁੰਦੇ
ਦਿਸਦੇ ਅਣਦਿਸਦੇ
ਇਸਤਰੀਲਿੰਗਾਂ ਪੁਲਿੰਗਾਂ ਦੇ ਜੋੜਿਆਂ ਦੇ
ਮਸਲਨ
ਦਾਜ ਤੇ ਜਾਇਦਾਦ ਦਾ
ਕਾਰੋਬਾਰ ਤੇ ਲਿਆਕਤ ਦਾ
ਟੌਹਰ ਤੇ ਸੁਆਗਤ ਦਾ
ਸ਼ਕਤੀ ਤੇ ਸੁਹੱਪਣ ਦਾ
ਰੁਤਬੇ ਤੇ ਸੇਵਾ ਦਾ
ਮਜਬੂਰੀ ਤੇ ਸਮਝੌਤੇ ਦਾ
..........ਤੇ ..........ਦਾ
.............................
.............................
ਜਿੱਥੇ ਵੀ ਹੋ ਰਿਹਾ ਹੋਵੇ ਵਿਆਹ
ਸਮੂਹਿਕ ਵਿਆਹ ਹੀ ਹੁੰਦਾ

ਮਨੁੱਖ ਚੜ੍ਹਦਾ ਜਾ ਰਿਹਾ
ਸਭਿਅਤਾ ਦੀਆਂ ਪੌੜੀਆਂ
ਸਮੂਹਿਕ ਵਿਆਹ ਦੇ ਮੰਡਪ ਵਿਚ
ਵਧਦੀ ਜਾਵੇ ਜੋੜਿਆਂ ਦੀ ਗਿਣਤੀ

•

*Original with;*
Jaswant Singh Zafar
*Digitized by;*
Panjab Digital Library

## ਬੁਰਕੀ

ਸਿਆਣੇ ਦੀ ਤਾਕਤ ਆਖਦੀ ਹੈ

ਨਹੀਂ ਸੱਚ

ਤਕੜੇ ਦੀ ਸਿਆਣਪ ਆਖਦੀ ਹੈ
ਕਿ ਦੁਸ਼ਮਣ ਨੂੰ ਕਾਹਦੇ ਲਈ ਮਾਰਨਾ ਹੈ
ਉਹਦੇ ਅੰਦਰਲੀ ਦੁਸ਼ਮਣੀ ਨੂੰ ਮਾਰੋ
ਤੇ ਦੁਸ਼ਮਣੀ ਨੂੰ ਮਾਰਨ ਲਈ ਕਿਸੇ ਤੀਰ ਦੀ
ਸ਼ਮਸ਼ੀਰ ਦੀ
ਲੋੜ ਨਹੀਂ ਹੁੰਦੀ
ਬੱਸ ਘੁਰਕੀ ਚਾਹੀਦੀ ਹੈ
ਗੱਲ ਨਾ ਬਣੇ
ਤਾਂ ਬੁਰਕੀ ਚਾਹੀਦੀ ਹੈ

ਬੁਰਕੀ ਨਾਲ
ਉੱਠੇ ਹੋਏ ਹੱਥ ਹਿੱਲਦੀ ਪੂਛ ਬਣ ਜਾਂਦੇ ਨੇ
ਬੁਰਕੀ ਨਾਲ
ਦੁਸ਼ਮਣ ਅੰਦਰੋਂ ਦੁਸ਼ਮਣੀ ਤਾਂ ਕੀ
ਹੋਰ ਵੀ ਬੜਾ ਕੁਝ ਮਰ ਜਾਂਦਾ ਹੈ

ਦੁਸ਼ਮਣ ਨੂੰ ਕਾਹਦੇ ਲਈ ਮਾਰਨਾ ਹੈ
ਤਕੜੇ ਦੀ ਸਿਆਣਪ ਆਖਦੀ ਹੈ

•

*Original with;*
Jaswant Singh Zafar
*Digitized by;*
Panjab Digital Library

## ਅਮਰੀਕੀ ਟਾਵਰ ਡਿੱਗਣ ਤੇ

ਅੱਗ ਦੇ ਰੁਮਾਲ ਨਾਲ ਅੱਥਰੂ ਪੂੰਝੇ ਜਾਣਗੇ
ਅਮਨ ਦੀ ਲਾਸ਼ ਤੇ ਹੋਣਗੇ ਅਮਨ ਮਾਰਚ
ਧਰਮ ਦੇ ਨਾਂ ਤੇ ਝੂਲੇਗਾ ਅਧਰਮ ਦਾ ਪਰਚਮ
ਬੇਅਸੂਲੀ ਹੀ ਇਕੋ ਇਕ ਅਸੂਲ ਹੋਵੇਗੀ
ਦਹਿਸ਼ਤਗਰਦਾਂ ਦਾ ਨਾਹਰਾ
ਆਓ ਇਕੱਠੇ ਹੋ ਕੇ
ਦਹਿਸ਼ਤਗਰਦੀ ਕੁਚਲੀਏ
ਉਹਨਾਂ ਲਈ ਦਹਿਸ਼ਤਗਰਦੀ ਵਿਰੁੱਧ ਲੜਨ ਦਾ ਅਰਥ ਹੈ
ਬਦਲਾ
ਤਬਾਹੀ
ਤੇ ਉਨ੍ਹਾਂ ਲਈ ਦਹਿਸ਼ਤਗਰਦੀ ਦਾ ਦੂਸਰਾ ਨਾਂ ਹੈ
ਓਸਾਮਾ ਬਿਨ ਲਾਦੇਨ

*Original with;*
Jaswant Singh Zafar
*Digitized by;*
Panjab Digital Library

ਮੇਰੇ ਗੁਆਂਢੀ ਲਈ
ਦਹਿਸ਼ਤਗਰਦੀ ਦਾ ਅਰਥ ਹੈ
ਪਾਕਿਸਤਾਨ
ਮੇਰੇ ਗੁਆਂਢੀ ਮੁਲਕ ਲਈ
ਦਹਿਸ਼ਤਗਰਦੀ ਦਾ ਅਰਥ ਹੈ
ਹਿੰਦੋਸਤਾਨ
ਪਰ ਦਹਿਸ਼ਤਗਰਦੀ ਤਾਂ ਕੋਈ ਪ੍ਰੇਤ ਹੈ
ਜੋ ਸਾਨੂੰ
ਟੀ.ਵੀ. ਅੱਗੇ ਬੰਨ੍ਹ ਕੇ ਬਿਠਾਉਂਦਾ
ਅਖ਼ਬਾਰ ਪੜ੍ਹਾਉਂਦਾ
ਤਾਜ਼ਾ ਤੇ ਸਪਾਂਸਟਰਡ ਸਮਾਚਾਰ ਬੁਲੇਟਨ
ਦੀ ਚਾਟ ਤੇ ਲਾਉਂਦਾ
ਪਰ ਅੱਖਾਂ ਦੀਆਂ ਪੁਤਲੀਆਂ ਅੰਦਰ ਲੁਕੇ ਬੈਠੇ
ਪ੍ਰੇਤ ਨੂੰ ਕਿਵੇਂ ਲੱਭਾਂਗੇ
ਤੇ ਕਿਵੇਂ ਮਾਰਾਂਗੇ ਤੋਪਾਂ ਟੈਂਕਾਂ ਤੇ ਮਿਜ਼ਾਈਲਾਂ ਨਾਲ

ਭੋਜਨ ਪਕਾਉਂਦੀਆਂ ਵਰਤਾਉਂਦੀਆਂ
ਗੁਣਗਣਾਉਂਦੀਆਂ ਤ੍ਰੀਮਤਾਂ
ਤੇ
ਗਲੀਆਂ 'ਚ ਦੁੜਕਦੇ ਭੁੜਕਦੇ ਬੱਚੇ
ਦੱਸਦੇ ਨੇ
ਕਿਵੇਂ ਲੜੀਦਾ ਦਹਿਸ਼ਤਗਰਦੀ ਦੇ ਖ਼ਿਲਾਫ਼
•

*Original with;*
Jaswant Singh Zafar
*Digitized by;*
Panjab Digital Library

## ਡਰ

ਜਦ ਨਹੀਂ ਹੋਰ ਕਿਸੇ ਤੋਂ ਡਰਦਾ
ਡਰ ਤੋਂ ਤਦ ਮੈਂ ਡਰਦਾ ਹਾਂ

ਜਦ ਨਹੀਂ ਕਿਸੇ ਵੀ ਤਾਈਂ ਡਰਾਉਂਦਾ
ਡਰ ਨੂੰ ਓਦੋਂ ਡਰਾਉਂਦਾ ਹਾਂ

ਏਸ ਤਰ੍ਹਾਂ ਮੈਂ ਹਰ ਵੇਲ਼ੇ ਹੀ
ਡਰਦਾ ਅਤੇ ਡਰਾਉਂਦਾ ਰਹਿੰਦਾ

ਡਰ ਦੇ ਨਾਲ ਹੈ ਮੇਰਾ ਰਿਸ਼ਤਾ
ਜਿੱਦਾਂ ਮੇਰਾ ਮੈਂ ਦੇ ਨਾਲ

'ਮੈਂ' ਤੇ 'ਡਰ' ਹਨ 'ਕੱਠੇ ਜੰਮਦੇ
'ਕੱਠੇ ਮਰਦੇ

•

*Original with;*
Jaswant Singh Zafar
*Digitized by;*
Panjab Digital Library

## ਮੁਕਤੀ

ਸੀਮਾ ਘੇਰਾ
ਘੇਰੇ ਅੰਦਰ ਡੇਰਾ
ਡੇਰੇ ਨੇ ਕਰਾਈ ਬੱਸ
ਚੱਲ ਜਾਣੀਏ ਰਹੱਸ

ਸੀਮਤ ਸਮਾਨ
ਅਸੀਮਤ ਅਸਮਾਨ
ਗਿਣੀ ਮਿਣੀ ਦੇਹ
ਅਣਮਿਣੀ ਤੇਹ

ਮਾਰ ਲਿਆ ਝੱਖ
ਬੰਦ ਕਰ ਅੱਖ
ਲੌਜਿਕ ਲਗਾਮ
ਘੋੜਿਆ ਗ਼ੁਲਾਮ
ਖੋਪਿਆਂ ਤੋਂ ਪਾਰ
ਨਹੀਂ ਪਾਰਾਵਾਰ

*Original with;*
Jaswant Singh Zafar
*Digitized by;*
Panjab Digital Library

ਕਾਮ ਕਾਮਨਾ ਅਮੁੱਕ
ਸਕਦੇ ਕਦੇ ਨਾ ਸੁੱਕ
ਗੁਰੂਤਾ ਨੂੰ ਛੱਡੀਏ
ਪੁਲਾੜ ਵਿਚ ਉਡੀਏ

ਏਸ ਛਿਣ ਹੁਣੇ ਅੰਤ
ਆਉਣ ਵਾਲੇ ਨੇ ਬੇਅੰਤ
ਏਸ ਨਾਲ ਲੜੀਏ
ਆਉਣ ਵਾਲੇ ਫੜੀਏ

ਅਣਮੁੱਕ ਨੂੰ ਮੁਕਾਈਏ
ਅਦਿਸਦੇ ਨੂੰ ਪਾਈਏ
ਅਵਾਪਰੇ ਨੂੰ ਜਾਣੀਏ
ਅਨੰਤਤਾ ਨੂੰ ਮਾਣੀਏ

ਘੇਰੇ ਤੋਂ ਮੁਕਤੀ
ਲੜਾਓ ਕੋਈ ਜੁਗਤੀ
•

*Original with;*
Jaswant Singh Zafar
*Digitized by;*
Panjab Digital Library

## ਮੌਤ

ਜਦ ਮੈਂ
ਨੱਠਦਾ ਭੱਜਦਾ   ਹੱਸਦਾ ਖੇਡਦਾ
ਰੁੱਝਿਆ ਹੁੰਨਾਂ
ਕੰਮੀ ਕਾਰੀਂ   ਗੱਲੀਂ ਬਾਤੀਂ
ਥੋੜ੍ਹੇ ਜਿੰਨੇ ਫਾਸਲੇ ਤੇ ਮੌਤ
ਨਾਲ ਨਾਲ ਤੁਰਦੀ ਲੱਗਦੀ
ਅਸੀਂ ਇਕ ਦੂਸਰੇ ਵੱਲ ਦੇਖ ਕੇ ਮੁਸਕਰਾਉਂਦੇ
ਮੈਨੂੰ ਉਹ ਸੋਹਣੀ ਤੇ
ਚੰਗੀ ਚੰਗੀ ਲੱਗਦੀ
ਜ਼ਿੰਦਗੀ ਵਾਂਗ
ਡਰ ਤਾਂ ਲੱਗਣਾ ਹੀ ਕੀ
ਓਸ ਤੋਂ

ਜਦ ਮੈਂ
ਵਿਹਲਾ   ਬੇਹਾ   ਬੁੱਸਿਆ ਹੁੰਨਾ
ਘੁੱਟਿਆ ਵੱਟਿਆ
ਰੱਬ ਨਾਲ   ਸਭ ਨਾਲ   ਰੁੱਸਿਆ ਹੁੰਨਾ
ਮੈਨੂੰ ਬੜੀ ਦੂਰ ਦਿਸਦੀ ਮੌਤ
ਪਰ੍ਹਾਂ ਨੂੰ ਮੂੰਹ ਕਰੀ
ਨੱਕ ਚੜ੍ਹੀ   ਸਿਰ ਸੜੀ
ਘਸਮੈਲੀ ਤੇ ਕਰੂਪ ਲਗਦੀ
ਜ਼ਿੰਦਗੀ ਵਾਂਗ
ਮੈਨੂੰ ਉਸ ਤੋਂ ਖ਼ੌਫ਼ ਆਉਂਦਾ
ਬਹੁਤ ਜ਼ਿਆਦਾ

•

*Original with;*
Jaswant Singh Zafar
*Digitized by;*
Panjab Digital Library

## ਨਸ਼ਾ

ਭੰਗੀ ਤਾਂਈਂ ਭੰਗ ਨਸ਼ਾ
ਬਾਲ ਨੂੰ ਪਤੰਗ ਨਸ਼ਾ
ਸੁਹੱਪਣ ਦਾ ਨਾਰੀ ਨੂੰ
ਨਫ਼ੇ ਦਾ ਵਪਾਰੀ ਨੂੰ
ਭਗਤਾਂ ਨੂੰ ਭਗਤੀ ਦਾ
ਖੱਤਰੀ ਨੂੰ ਸ਼ਕਤੀ ਦਾ
ਰਾਜੇ ਨਸ਼ਾ ਤਾਜ ਦਾ ਤੇ ਅਹਿਲਕਾਰ ਪਦ ਨਸ਼ਾ
ਛੋਟੇ ਵੱਡੇ ਬੰਦਿਆਂ ਹਿਸਾਬ ਘੱਟ ਵੱਧ ਨਸ਼ਾ

ਮੁਖੀਏ ਕੁਟੰਬ ਨਸ਼ਾ
ਕਿਤੇ ਸਤਿ ਸੰਗ ਨਸ਼ਾ
ਜੂਏ ਦਾ ਜੁਆਰੀ ਨੂੰ
ਛਪਣ ਦਾ ਲਿਖਾਰੀ ਨੂੰ
ਮਾਨ ਸਨਮਾਨ ਦਾ
ਤਾੜੀ ਦਾ ਇਨਾਮ ਦਾ
ਭੰਡਾਂ ਨਸ਼ਾ ਬੋਲਣਾ ਤੇ ਸਾਧਾਂ ਨਸ਼ਾ ਚੁੱਪ ਹੁੰਦਾ
ਰੁੱਖਾਂ ਪਸ਼ੂ ਪੰਛੀਆਂ ਨੂੰ ਨਸ਼ਾ ਨਹੀਂ ਸ਼ਾਇਦ ਕੋਈ
ਨਸ਼ੇ ਤੋਂ ਬਗ਼ੈਰ ਪਰ ਕੋਈ ਨਾ ਮਨੁੱਖ ਹੁੰਦਾ

*Original with;*
Jaswant Singh Zafar
*Digitized by;*
Panjab Digital Library

ਲੋਭੀ ਸੰਗ੍ਰਹਿ ਨਸ਼ਾ
ਗ੍ਰਹਿਸਤੀ ਗ੍ਰਹਿ ਨਸ਼ਾ
ਯੋਗ ਭੋਗ ਵੈਲ ਨਸ਼ਾ
ਸੈਲਾਨੀਆਂ ਨੂੰ ਸੈਲ ਨਸ਼ਾ
ਪ੍ਰੇਮੀਆਂ ਪਿਆਰ ਦਾ
ਹੰਕਾਰੀਆਂ ਹੰਕਾਰ ਦਾ
ਕਿਸੇ ਲਈ ਰੋੜ੍ਹਨਾ ਤੇ ਕਿਸੇ ਲਈ ਕਮਾਈ ਨਸ਼ਾ
ਕਿਸੇ ਲਈ ਉਸਾਰਨਾ ਤੇ ਕਿਸੇ ਲਈ ਤਬਾਹੀ ਨਸ਼ਾ

ਨਾਚ ਤਾਲ ਰੰਗ ਨਸ਼ਾ
ਮਨ ਦੀ ਤਰੰਗ ਨਸ਼ਾ
ਸੁਰ ਨਸ਼ਾ ਸੁਰਾ ਨਸ਼ਾ
ਚੰਗਾ ਚਾਹੇ ਬੁਰਾ ਨਸ਼ਾ
ਸੁਲਫ਼ੇ ਦੇ ਸੂਟਿਆਂ ਦਾ
ਫ਼ਾਂਸੀਆਂ ਦੇ ਝੂਟਿਆਂ ਦਾ
ਲੋਟੂਆਂ ਨੂੰ ਲੁੱਟ ਨਸ਼ਾ ਅਤੇ ਦਾਨ ਨਸ਼ਾ ਦਾਨੀਆਂ
ਨਸ਼ਾ ਸੰਗਰਾਮ ਨਸ਼ਾ ਦੇਸ਼ ਭਗਤੀ ਤੇ ਨਸ਼ਾ ਕੁਰਬਾਨੀਆਂ

ਨਸ਼ਾ ਸਾਰੇ ਐਬ ਸੁਆਦ ਚਾਅ ਤੇ ਜਨੂੰਨ ਸ਼ੌਕ
ਮਹਿੰਗੇ ਭੂਸ਼ਣ ਤੇ ਸੁੰਦਰ ਲਿਬਾਸ
ਕੁਝ ਨਹੀਂ ਹੋਰ ਬੱਸ ਨਸ਼ਿਆਂ ਦੀ ਦਾਸਤਾਂ ਹੈ
ਮਨੁੱਖੀ ਸਭਿਅਤਾ ਦਾ ਸਾਰਾ ਇਤਿਹਾਸ

•

*Original with;*
Jaswant Singh Zafar
*Digitized by;*
Panjab Digital Library

## ਪੁਲ਼

1.

ਪਾਣੀ ਦਾ ਪੁਲ਼ਾਂ ਹੇਠੋਂ ਵਗਣਾਂ
ਸਾਊ ਤੇ ਸਧਾਰਨ ਦਿਨਾਂ ਦਾ ਅਮਲ ਹੈ
ਜਦੋਂ ਹੜ੍ਹ ਆਉਂਦੇ
ਸ਼ਰਾਫ਼ਤ ਦੇ ਨਿਸ਼ਾਨ ਉਲੰਘ ਕੇ
ਪਾਣੀ ਪੁਲ਼ਾਂ ਦੇ ਉਪਰੋਂ ਵੀ ਵਗ ਜਾਂਦਾ
ਤੇ ਕਦੀ ਕਦੀ ਤਾਂ
ਪੁਲ਼ਾਂ ਨੂੰ ਰੋੜ੍ਹਕੇ ਵੀ ਲੈ ਜਾਂਦਾ

2.

ਪੁਲ਼
ਦੋ ਖੜ੍ਹੇ ਕਿਨਾਰਿਆਂ ਨੂੰ ਜੋੜਦਾ
ਤੇ ਵਗਦੇ ਪਾਣੀ ਨੂੰ ਵੰਡਦਾ ਦੋ ਭਾਗੀਂ
ਇਕ ਪਾਸੇ ਆਉਣ ਵਾਲਾ ਪਾਣੀ
ਦੂਜੇ ਪਾਸੇ ਜਾਣ ਵਾਲਾ ਪਾਣੀ

•

*Original with;*
Jaswant Singh Zafar
*Digitized by;*
Panjab Digital Library

## ਫੁੱਲ

ਜ਼ਿੰਦਗੀ ਤੁਰਦੀ
ਵਕਤ ਵਗਦਾ
ਸਮਾਂ ਲੰਘਦਾ ਗੁਜ਼ਰਦਾ

ਕਾਲ ਵੱਸ
ਬੰਦਾ ਮਰ ਕੇ ਮੁੱਕਦਾ ਨਹੀਂ
ਚਲਾ ਜਾਂਦਾ
ਗੁਜ਼ਰ ਜਾਂਦਾ

ਗੁਰੂ ਨੇ ਫ਼ੁਰਮਾਇਆ
ਗੁਜ਼ਰ ਗਿਆਂ ਦੇ ਫੁੱਲ
ਵਗਦੇ ਪਾਣੀ 'ਚ ਪਾਇਓ

ਪਾਣੀ ਨੱਚਦਾ ਜਾਂਦਾ
ਫੁੱਲ ਹੱਸਦੇ ਜਾਂਦੇ

•

*Original with;*
Jaswant Singh Zafar
*Digitized by;*
Panjab Digital Library

## ਤੰਗ ਦਿਲੀ

ਕਿੰਨੇ ਛੋਟੇ ਦਿਲ ਲੋਕਾਂ ਦੇ
ਹੇ ਭਗਵਾਨ
ਮੈਂ ਪ੍ਰੇਸ਼ਾਨ

ਪ੍ਰੇਸ਼ਾਨੀ ਦੀ ਥਾਏਂ ਬੱਚਿਆ
ਮੰਗਿਆ ਕਰ ਕਿ
    ਹੇ ਰੱਬ ਸੱਚਿਆ
    ਮੈਨੂੰ ਹਿਰਦਾ ਦਿਓ ਵਿਸ਼ਾਲ
    ਜੋ ਨਾ ਹੋਇਆ ਕਰੇ ਬੇਹਾਲ
    ਕਿਸੇ ਹੋਰ ਦੀ ਤੰਗ ਦਿਲੀ ਦੇ
    ਕਾਰਨ

•

*Original with;*
Jaswant Singh Zafar
*Digitized by;*
Panjab Digital Library

## ਵਿਗਾੜ

ਜੰਮਣ ਨੂੰ
ਜਨਮ ਲੈਣਾ ਕਿਹਾ
ਤੇ ਜਨਮ ਲਿਆ
ਸਾਰੀ ਉਮਰ ਕੁਛ ਨਾ ਕੁਛ
ਲੈਂਦੇ ਹੀ ਰਹਿਣ ਲਈ

ਲਾਡ ਪਿਆਰ ਲਿਆ
ਸਕੂਲ 'ਚ ਦਾਖਲ ਹੋਣ ਨੂੰ
ਦਾਖਲਾ ਲੈਣਾ ਕਿਹਾ
ਨੰਬਰ ਡਿਵੀਜ਼ਨ ਵਜੀਫ਼ਾ.........
ਸਭ ਲਈ ਢੁੱਕਵਾਂ ਕਿਰਿਆ ਸ਼ਬਦ - ਲੈਣਾ
ਡਿਗਰੀ ਲੈਣੀ ਨੌਕਰੀ ਲੈਣ ਲਈ
ਨੌਕਰੀ ਲੈਣੀ
ਤਨਖਾਹ ਰਿਸ਼ਵਤ ਟੀਏ ਡੀਏ ਪੈਨਸ਼ਨ ਲੈਣ ਲਈ

*Original with;*
Jaswant Singh Zafar
*Digitized by;*
Panjab Digital Library

ਦੁਕਾਨ ਲੈਣੀ ਏਜੰਸੀ ਲੈਣੀ
ਕਮਿਸ਼ਨ ਦਲਾਲੀ ਮੁਨਾਫ਼ਾ ਲੈਣ ਲਈ

ਵੋਟ ਲੈਣੀ ਕੁਸਰੀ ਚੌਧਰ ਰੁਤਬਾ ਲੈਣ ਲਈ

ਸਾਹ ਲੈਣਾ ਸੁੱਖ ਲੈਣਾ ਅਨੰਦ ਲੈਣਾ
ਹੱਕ ਲੈਣਾ ਰਿਸ਼ਤਾ ਲੈਣਾ ਆਜ਼ਾਦੀ ਲੈਣੀ
ਸਹੂਲਤਾਂ ਲੈਣੀਆਂ ਰਿਆਇਤਾਂ ਲੈਣੀਆਂ ਲਾਹਾ ਲੈਣਾ
ਲੈਣਾ
ਲੈਣਾ
ਲੈਣਾ ਹੀ ਲੈਣਾ
ਬੇਅੰਤ ਕੁਛ ਲੈਣਾ ਜੰਮਣੋਂ ਮਰਨ ਤੱਕ
ਖਰਚ ਖੇਚਲ ਸੰਘਰਸ਼ ਸਿਰਫ਼ ਲੈਣ ਲਈ

ਲੈਣ ਨਾਲ ਜੋੜ ਲਈ
ਜ਼ਿੰਦਗੀ ਉਨਤੀ ਸ਼ਕਤੀ ਸੰਤੁਸ਼ਟੀ ਕਾਮਯਾਬੀ
ਦੇਣਾ ਬਣਾ ਲਿਆ ਪ੍ਰਾਏਵਾਚੀ
ਮਜਬੂਰੀ ਕਮਜ਼ੋਰੀ ਹਾਰ ਦਾ

ਉਂਜ ਦੇਣ ਲਈ ਸਿਰਫ਼
ਸਜ਼ਾ
ਧੋਖਾ
ਧੱਕਾ
ਉਪਦੇਸ਼
ਤੇ ਏਹੋ ਜਿਹੀਆਂ ਦੋ ਚਾਰ ਚੀਜ਼ਾਂ ਹੋਰ
•

*Original with;*
Jaswant Singh Zafar
*Digitized by;*
Panjab Digital Library

## ਉਮਰ

ਸਿੱਕੇ ਤੇ ਛਪਿਆ ਸੰਨ ਪੜ੍ਹ ਕੇ
ਦੇਖਿਆ
ਇਹ ਤਾਂ ਓਸੇ ਸਾਲ ਬਣਿਆਂ
ਜਦ ਮੈਂ ਪੈਦਾ ਹੋਇਆ
ਏਹਦੀ ਉਮਰ ਵੀ ਮੇਰੇ ਜਿੰਨੀ

ਪਰ ਇਸ ਦੇ ਅੰਦਰਲਾ ਹਰ ਕਣ ਤਾਂ
ਧਰਤੀ ਜੇਡ ਪੁਰਾਣਾ

ਹਾਂ ਸੱਚ
ਮੇਰੇ ਅੰਦਰਲਾ ਹਰ ਕਣ ਵੀ
ਧਰਤੀ ਜੇਡ ਪੁਰਾਣਾ
ਮੇਰੀ ਉਮਰ ਵੀ ਧਰਤੀ ਜਿੰਨੀ
ਧਰਤੀ ਤੇ ਹਰ ਸ਼ੈਅ ਦੀ ਉਮਰ ਹੈ ਧਰਤੀ ਜਿੰਨੀ
ਧਰਤੀ ਤੇ ਹਰ ਸ਼ੈਅ ਧਰਤੀ

*ਮਾਟੀ ਏਕ ਸਗਲ ਸੰਸਾਰਾ*

•

*Original with;*
Jaswant Singh Zafar
*Digitized by;*
Panjab Digital Library

## ਬੇਚੈਨੀ

ਰਾਤ ਟਿਕੀ ਹੋਈ
ਮਨ ਉਖੜਿਆ ਹੋਇਆ

ਚੰਦ ਨਹੀਂ ਚੜ੍ਹਿਆ
ਬੁਖਾਰ ਨਹੀਂ ਉਤਰਿਆ

ਜਿੰਦਾ ਲੱਗਿਆ
ਚਿੱਤ ਨਹੀਂ ਲੱਗ ਰਿਹਾ

ਦਹੀਂ ਜੰਮ ਰਿਹਾ
ਅੰਦਰ ਕੁਛ ਮਰ ਰਿਹਾ

ਘੜੀ ਖੜ੍ਹੀ
ਦਿਲ ਬੈਠਿਆ

ਗੱਚ ਭਰਿਆ
ਗਿਲਾਸ ਖਾਲੀ

ਯਾਦ ਆਉਂਦੀ
ਪੇਸ਼ ਨਹੀਂ ਜਾਂਦੀ

•

*Original with;*
Jaswant Singh Zafar
*Digitized by;*
Panjab Digital Library

## ਤੁਸੀਂ ਬੜੇ ਚੰਗੇ ਲੱਗਦੇ ਹੋ

ਆਪਾਂ ਨਾ ਕਦੇ 'ਕੱਠੇ ਖੇਡੇ
ਨਾ 'ਕੱਠੇ ਜਿੱਤੇ ਨਾ ਹਾਰੇ

ਨਾ 'ਕੱਠੇ ਨੰਗੇ ਨ੍ਹਾਤੇ
ਨਾ ਕੋਈ ਇਕ ਦੂਏ ਦਾ ਪਰਦਾ ਕੱਜਿਆ

ਨਾ ਕਦੇ 'ਕੱਠਿਆਂ ਕੁੱਟ ਖਾਧੀ
ਨਾ ਕਿਸੇ ਨੂੰ ਰਲ ਕੇ ਕੁੱਟਿਆ

ਆਪਾਂ ਨਾ 'ਕੱਠੇ ਪੜ੍ਹੇ ਨਾ ਪੜ੍ਹਾਇਆ
ਰਲ਼ਕੇ ਨਾ ਬਦਨਾਮੀ ਨਾ ਜੱਸ ਖੱਟਿਆ

ਫਿਰ ਵੀ ਮੈਂ ਕਈ ਵਾਰ
ਦੋਸਤੀ ਵਰਗੀ ਤੇਰੀ ਕੂਲ਼ੀ ਛਾਂ ਤੋਂ
ਤਪਦੇ ਸਿਰ ਲਈ ਠੰਡਕ ਦੀ
ਤਵੱਕੋਂ ਕਰਦਾ ਰਿਹਾ

ਤੇਰੀ ਮੁਸਕ੍ਰਾਹਟ ਦਾ ਅਰਥ
ਸਮਝਦਾ ਰਿਹਾ-ਜੀ ਆਇਆਂ

*Original with;*
Jaswant Singh Zafar
*Digitized by;*
Panjab Digital Library

ਕਦੇ ਤਪਦੇ ਇਕਲਾਪੇ ਵਰਗੀ
ਮੇਰੀ ਨਾਂ ਮਾਤਰ ਛਿੱਦੀ ਛਾਂ
ਤੇਰੇ ਠੰਡੇ ਮਸਤ ਮੱਥੇ ਨੂੰ
ਅੱਡੀਆਂ ਚੁੱਕ-ਚੁੱਕ
ਕਿੱਲ੍ਹ-ਕਿੱਲ੍ਹ
ਵਾਜਾਂ ਮਾਰਦੀ ਰਹੀ

ਤੇਰੀ ਮੁਸਕ੍ਰਾਹਟ ਦਾ ਅਰਥ
ਸਮਝਦਾ ਰਿਹਾ-ਹੁਣੇ ਆਉਨਾ

ਤੂੰ ਮੈਥੋਂ ਕਈ ਤਰ੍ਹਾਂ ਨਾਲ ਵੱਡਾ
ਪਰ ਮੈਂ ਕਈ ਵਾਰ
ਤੇਰੇ ਮੂਹਰੇ ਬੋਲਿਆ
ਬਰੋਬਰ ਖੜ੍ਹਿਆ
ਸਿਰ ਤੇ ਚੜ੍ਹਿਆ

ਤੂੰ ਕਿਹਾ-ਨਾਰਾਜ਼ਗੀ ਨਹੀਂ
ਮੈਂ ਸੁਣਿਆਂ-ਪਰਵਾਨਗੀ ਹੈ

ਤੇਰੀਆਂ ਸਾਂਝਾਂ ਦੀ ਸੰਗਲੀ ਵਿਚ
ਆਪਣੀ ਚੀਚੀ ਦਾ ਪੋਟਾ ਫਸਾ ਕੇ
ਇਸ ਨੂੰ ਵੀ ਸਮਝਦਾ ਰਿਹਾ ਇਕ ਕੜੀ
ਤੇ ਚੂੰਢੀ ਨਾ ਵੱਢਣ ਦਾ ਅਰਥ
ਸਮਝਦਾ ਰਿਹਾ ਪਲੋਸਣਾ ਪੁਚਕਾਰਨਾ

*Original with;*
Jaswant Singh Zafar
*Digitized by;*
Panjab Digital Library

ਇਹ ਤਾਂ ਭਲਾ ਹੋਵੇ
ਮੇਰੇ ਅੰਦਰ ਟੁਣਕੀ ਗਰਜ਼ ਦੀ
ਇਕ ਤਾਰ ਦਾ
ਜਿਸ ਦੀ ਗੂੰਜ
ਘੁੰਮ-ਘੁੰਮ ਲੰਘਦੀ ਰਹੀ
ਕਰੋਧੀ ਮਨ ਦੇ ਐਂਪਲੀਫਾਇਰ 'ਚੋਂ
ਅਖੀਰ ਬਣ ਗਈ ਵੱਡਾ ਜਲਜਲਾ
ਤੇ ਢਹਿ ਢੇਰੀ ਹੋ ਗਿਆ
ਮੇਰਾ ਭਰਮ ਮਹਿਲ
ਸਾਰੇ ਬੁਰਜਾਂ ਸਮੇਤ

ਇਸ ਦੇ ਮਲਬੇ 'ਤੇ ਬੈਠਿਆਂ
ਪਹਿਲਾਂ ਆਪਣੇ ਆਪ 'ਤੇ ਤਰਸ
ਫਿਰ ਗੁੱਸਾ
ਤੇ ਅਖੀਰ ਹਾਸਾ ਆਇਆ ਬਹੁਤ ਜ਼ਿਆਦਾ
ਤੇ ਗਿਆਨ ਹੋਇਆ
ਕਿ ਮੇਰਾ ਤਾਂ
ਤੈਨੂੰ ਏਨਾ ਕਹਿਣ ਜੋਗਾ ਹੀ ਰਿਸ਼ਤਾ ਸੀ
ਕਿ
          ਜਨਾਬ, ਤੁਸੀਂ ਬੜੇ ਚੰਗੇ ਲੱਗਦੇ ਹੋ

•

*Original with;*
Jaswant Singh Zafar
*Digitized by;*
Panjab Digital Library

## ਅੱਤਿਆਚਾਰ

ਅੱਤਿਆਚਾਰ ਕਰਨ ਵਾਲੀ ਧਿਰ ਲਈ
ਅੱਤਿਆਚਾਰ ਅੱਤਿਆਚਾਰ ਨਹੀਂ
ਸਬਕ ਸਿਖਲਾਈ ਹੁੰਦਾ
ਸੁਧਾਰ ਭਲਾਈ ਹੁੰਦਾ
ਗੁੱਸੇ ਦੁੱਖ ਦਾ ਇਜ਼ਹਾਰ ਹੁੰਦਾ
ਫ਼ਰਜ਼ ਧਰਮ ਦੀ ਕਾਰ ਹੁੰਦਾ
ਜਾਂ ਮਸਤੀ ਮਜ਼ਾ ਹੁੰਦਾ
ਅੱਤਿਆਚਾਰੀ ਮੁਤਾਬਕ ਤਾਂ ਵੱਧ ਤੋਂ ਵੱਧ
ਅੱਤਿਆਚਾਰ
ਬਦਲਾ ਜਾਂ ਸਜ਼ਾ ਹੁੰਦਾ

ਅੱਤਿਆਚਾਰ ਦੇ ਅਸਲੀ ਅਰਥ ਤਾਂ
'ਝੱਲਣ' ਵਾਲੀ ਧਿਰ ਹੀ ਜਾਣਦੀ

*Original with;*
Jaswant Singh Zafar
*Digitized by;*
Panjab Digital Library

ਅੱਤਿਆਚਾਰ ਦੀਆਂ ਵਿਧੀਆਂ ਨਹੀਂ ਕੇਵਲ
ਬੰਬ ਗੋਲੀ ਖੰਜਰ ਚਾਬਕ ਚਪੇੜ ਮਾਰਨਾ
ਸੂਲੀ ਚਾੜ੍ਹਨਾ ਜਿਉਂਦੇ ਅੱਗ ਵਿਚ ਸਾੜਨਾ
ਜੇਲ੍ਹੀਂ ਡੱਕਣਾ
ਪੋਟਾ-ਪੋਟਾ ਕੱਟਣਾ

ਅੱਤਿਆਚਾਰ ਦੇ ਢੰਗ ਹੋ ਸਕਦੇ
ਤਿਊੜੀ ਪਾਉਣੀ
ਲਤੀਫ਼ਾ ਸੁਣਾਉਣਾ
ਅੱਖਾਂ ਭਰਨ
ਪਾਠ ਕਰਨ
ਤੱਕਣਾ
ਹੱਸਣਾ
ਬੋਲਣਾ
ਨਾ ਬੋਲਣਾ
ਅਣਗਿਣਤ ਤਰੀਕੇ ਹੋਰ

ਆਪਣੇ ਚਿੱਤੋਂ
ਕੋਈ ਨਾ ਕਰਦਾ ਅੱਤਿਆਚਾਰ
ਪਰ ਹਰ ਕੋਈ ਜਰਦਾ ਅੱਤਿਆਚਾਰ

•

*Original with;*
Jaswant Singh Zafar
*Digitized by;*
Panjab Digital Library

## ਪਤਾ ਨਹੀਂ

ਰਾਤ ਪੈਂਦੀ ਹੈ
ਦਿਨ ਚੜ੍ਹਦਾ ਹੈ

ਕਦੇ ਦਿਨ ਨਹੀਂ ਪੈਂਦਾ
ਰਾਤ ਨਹੀਂ ਚੜ੍ਹਦੀ

ਕਦੇ ਰਾਤ ਨਹੀਂ ਪੈਂਦਾ
ਦਿਨ ਨਹੀਂ ਚੜ੍ਹਦੀ

ਇਹ ਕਾਦਰ ਦੀ ਕੁਦਰਤ ਹੈ
ਕਿ ਮਰਦਾਨਵੀ ਸਿਆਸਤ ਹੈ
ਸਾਜਿਸ਼ ਦੀ ਭਾਸ਼ਾ ਹੈ
ਕਿ ਭਾਸ਼ਾ ਦੀ ਸਾਜਿਸ਼ ਹੈ
•

*Original with;*
Jaswant Singh Zafar
*Digitized by;*
Panjab Digital Library

## ਹਾਜ਼ਰ ਗ਼ੈਰਹਾਜ਼ਰ

ਮਨੁੱਖ ਸਿਰਫ਼ ਪੁਲਿੰਗ
ਪਰ
ਮਨੁੱਖਤਾ ਇਸਤਰੀਲਿੰਗ

ਇਨਸਾਨ ਸਿਰਫ਼ ਪੁਲਿੰਗ
ਪਰ
ਇਨਸਾਨੀਅਤ ਇਸਤਰੀਲਿੰਗ

ਬੰਦਾ ਸਿਰਫ਼ ਪੁਲਿੰਗ
ਪਰ
ਬੰਦਗੀ ਇਸਤਰੀਲਿੰਗ

ਹੈਰਾਨ ਹਾਂ ਮੈਂ
ਦਾਸੀ ਕਰੇ ਖਲਾਸੀ

•

*Original with;*
Jaswant Singh Zafar
*Digitized by;*
Panjab Digital Library

## ਸੰਯੋਗ ਵਿਯੋਗ

ਮੈਂ ਆਇਆ ਤੈਥੋਂ ਦੂਰ ਜਦ
ਉਹ ਆਇਆ ਮੇਰੇ ਕੋਲ ਤਦ
ਜੋ ਕਰਦਾ ਤੇਰੇ ਕੋਲ ਕੋਲ
ਜਦ ਹੁੰਨਾਂ ਤੈਥੋਂ ਦੂਰ ਦੂਰ

ਮੈਂ ਆਇਆ ਤੈਥੋਂ ਦੂਰ ਜਦ
ਉਹ ਹੋਇਆ ਮੈਥੋਂ ਦੂਰ ਤਦ
ਜੋ ਰਹਿੰਦਾ ਮੇਰੇ ਨਾਲ ਨਾਲ
ਤੇ ਕਰਦਾ ਤੈਥੋਂ ਦੂਰ ਦੂਰ
ਜਦ ਹੁੰਨਾਂ ਤੇਰੇ ਕੋਲ ਕੋਲ

ਬਿੱਗ ਕਰੰਚ ਤੇ ਬਿੱਗ ਬੈਂਗ ਦੀਆਂ
ਲੱਗੀਆਂ ਸਮਝਾਂ ਪੈਣ ਪੈਣ

•

*Original with;*
Jaswant Singh Zafar
*Digitized by;*
Panjab Digital Library

## ਦੂਜੇ ਪਾਸੇ

ਤੇਰੇ ਨਾਲ ਰਹਿੰਦਿਆਂ
ਮਨ ਵਾਰ ਵਾਰ
ਉਦਾਸੀਆਂ ਤੇ ਚੜ੍ਹ ਰਹੇ
ਬਾਬੇ ਦੇ ਕਦਮਾਂ ਦਾ
ਧਿਆਨ ਧਰਦਾ ਸੀ

ਅੱਜ ਤੇਰੇ ਤੋਂ
ਹਜ਼ਾਰਾਂ ਮੀਲ ਦੂਰ
ਧਰਤੀ ਦੇ ਦੂਸਰੇ ਪਾਸੇ ਫਿਰਦੇ ਨੂੰ
ਉਦਾਸੀਆਂ ਤੋਂ ਪਰਤ ਰਹੇ
ਬਾਬੇ ਦੇ ਕਦਮਾਂ ਦੀ
ਆਹਟ ਵੀ ਸੁਣਨ ਲੱਗੀ ਹੈ

•

*Original with;*
Jaswant Singh Zafar
*Digitized by;*
Panjab Digital Library

## ਬਹਾਨਾ

○ ਕੀ ਤੂੰ ਪਿਆਰ ਕਰਦਾ ਏਂ ਮੈਨੂੰ ?

● ਨਹੀਂ

○ ਕਿਉਂ ?

● ਸ਼ੱਕ ਨੂੰ ਪਿਆਰ ਕੌਣ ਕਰਦਾ
ਸਿਰਫ਼ ਸ਼ੱਕ ਕਰਨ ਵਾਲਾ

○ ਪਰ ਮੈਨੂੰ ਪਤਾ

● ਕੀ ?

○ ਕਿ ਤੂੰ ਮੈਨੂੰ ਪਿਆਰ ਕਰਦਾ ਏਂ ਬਹੁਤ

● ਫਿਰ ਪੁੱਛਿਆ ਕਿਉਂ ?

○ ਗੱਲ ਤੋਰਨ ਲਈ ਬੱਸ
ਹੋਰ ਕੁਝ ਸੁੱਝਦਾ ਨਹੀਂ ਸੀ

●

*Original with;*
Jaswant Singh Zafar
*Digitized by;*
Panjab Digital Library

## ਪਹਿਲੀ ਵਾਰ

- ਤੂੰ ਖ਼ੁਸ਼ ਏਂ ਮੇਰੇ ਤੋਂ ?

○ ਹਾਂ, ਪਹਿਲੀ ਵਾਰ
ਬਹੁਤ ਜ਼ਿਆਦਾ

- ਪਹਿਲੀ ਵਾਰ ਕਿਉਂ ?

○ ਪਹਿਲੀ ਵਾਰ ਤੂੰ ਇਹ ਸਵਾਲ ਕੀਤਾ
ਏਨੇ ਰਿਸਕੀ ਸਵਾਲ ਦੇ ਹਾਣ ਦੀ ਜੁਰਅਤ ਜੁਟਾਈ
ਤੂੰ ਪਹਿਲੀ ਵਾਰ

ਵਧਾਈ ਹੋਵੇ
ਤੇਰੀ ਏਸ ਬਹਾਦਰੀ ਕਰਕੇ
ਖ਼ੁਸ਼ ਹਾਂ ਬਹੁਤ
ਮੈਂ ਪਹਿਲੀ ਵਾਰ

•

*Original with;*
Jaswant Singh Zafar
*Digitized by;*
Panjab Digital Library

## ਨਿਸਚਤ

- ਕੀ ਤੂੰ ਖ਼ੁਸ਼ ਏਂ ?

o ਹਾਂ
ਤੈਨੂੰ ਪਤਾ ਤਾਂ ਹੈ
ਕਿ ਮੈਂ ਖ਼ੁਸ਼ ਹਾਂ

- ਤੈਨੂੰ ਕਿਵੇਂ ਪਤਾ ਕਿ ਮੈਨੂੰ ਪਤਾ ਹੈ ?

o ਤੂੰ ਓਹੀ ਤਾਂ ਸਵਾਲ ਕਰਦੈਂ
ਜਿਸ ਦਾ ਮੇਰੇ ਵਲੋਂ ਮਿਲਣ ਵਾਲਾ ਉੱਤਰ
ਤੈਨੂੰ ਪਹਿਲਾਂ ਪਤਾ ਹੋਵੇ

•

*Original with;*
Jaswant Singh Zafar
*Digitized by;*
Panjab Digital Library

## ਜਿਉਂਦੇ ਦੁਸ਼ਮਣ

- ਤੂੰ ਮੈਨੂੰ ਆਜ਼ਾਦ ਕਰ
  ਮੈਂ ਤੇਰੇ ਨਾਲ ਨਹੀਂ ਰਹਿ ਸਕਦਾ

o ਤੂੰ ਮੈਨੂੰ ਬਰਬਾਦ ਨਾ ਕਰ
  ਅਲਹਿਦਗੀ ਨਾਲ
  ਤੇਰੇ ਬਿਨ ਜੀਅ ਨਹੀਂ ਸਕਦੀ

- ਏਸ ਗੁਲਾਮੀ ਤੋਂ ਤੰਗ ਆ
  ਜੇ ਖ਼ੁਦਕੁਸ਼ੀ ਕਰ ਲਵਾਂ
  ਫਿਰ ਵੀ ਤਾਂ ਜੀਏਂਗੀ ਇਕੱਲੀ
  ਮੈਨੂੰ ਆਜ਼ਾਦ ਕਰ ਏਸ ਜੇਲ੍ਹ ਤੋਂ

*Original with;*
Jaswant Singh Zafar
*Digitized by;*
Panjab Digital Library

- ਪਰ ਤੇਰੇ ਵੱਖ ਹੋਣ ਤੇ
  ਜੇ ਖ਼ੁਦਕੁਸ਼ੀ ਕਰ ਲਈ ਮੈਂ
  ਫਿਰ ਵੀ ਤਾਂ ਜਾਵੇਂਗਾ
  ਹਵਾਲਾਤ ਜਾਂ ਜੇਲ੍ਹ ਅੰਦਰ

- ਚੱਲ ਛੱਡ
  ਤੂੰ ਮੈਨੂੰ ਮਰਿਆ ਸਮਝ ਲੈ

- ਨਹੀਂ
  ਤੂੰ ਮੈਨੂੰ ਮਰੀ ਸਮਝ ਲੈ

ਇਕ ਦੂਏ ਨੂੰ ਮਨ ਸਮਝਾਉਣ ਦੀ ਤਾਗੀਦ ਕਰਦੇ
ਪਰ
ਖ਼ੁਦਕੁਸ਼ੀ ਨਾਲੋਂ ਮੁਸ਼ਕਲ ਹੁੰਦਾ
ਜਿਉਂਦੇ ਦੁਸ਼ਮਣ ਨੂੰ ਮਰਿਆ ਸਮਝਣਾ
•

*Original with;*
Jaswant Singh Zafar
*Digitized by;*
Panjab Digital Library

## ਆਪੋ ਆਪਣੀ

ਕਵੀ ਨੂੰ ਪਤਨੀ ਪੁੱਛਦੀ
ਤੁਸੀਂ ਭਲਾ ਚਾਲੀ ਦੇ ਹੋ ਗਏ ?
ਕਵੀ ਮੁਸਕਰਾਇਆ
ਹਾਂ, ਤੁਸੀਂ ਵੀ ਹੋ ਗਏ
ਪਤਨੀ ਸਿਆਣਪੀ ਨੇੜਤਾ ਨਾਲ ਆਖਦੀ
ਪਰ 'ਆਪਾਂ' ਏਨੇ ਸਿਆਣੇ ਨਹੀਂ ਹੋਏ

ਆਪਾਂ ਦਾ ਅਰਥ
ਕਵੀ ਲਈ ਇਕ-ਵਚਨੀ ਹੋ ਕੇ
ਸੰਘ ਤੋਂ ਸਿਰ ਵੱਲ ਜਾਂਦਾ

*Original with;*
Jaswant Singh Zafar
*Digitized by;*
Panjab Digital Library

ਪਰ ਚੁੱਪ

ਤੱਤੀ ਚੁੱਪ ਦੇ ਸੇਕ ਨਾਲ
ਸਿਰ 'ਚੋਂ ਕੁਝ ਪਿਘਲ ਕੇ
ਅੱਖਾਂ ਥਾਣੀਂ ਵਗਣ ਲੱਗਾ
ਪਤਨੀ ਪਿਆਰ ਨਾਲ ਓਹਦੀਆਂ ਅੱਖਾਂ ਪੂੰਝਦੀ
ਹੱਥਾਂ ਦੀ ਛੋਹ 'ਚੋਂ ਕਵੀ ਨੂੰ
ਪਤਨੀ ਅੰਦਰਲੀ ਤਸੱਲੀ ਭਰੀ 'ਵਾਜ ਸੁਣਦੀ
        ਲਗਦਾ ਕੁਛ ਸੁਧਰਨ ਦੀ ਸੋਚ ਰਿਹਾ
        ਸ਼ੁਕਰ ਹੈ

ਕਵੀ ਦਾ ਹਾਸਾ ਨਿਕਲ ਜਾਂਦਾ
ਤੇ ਦੋਵੇਂ ਪਹਿਲਾਂ ਵਾਂਗ ਹੋ ਜਾਂਦੇ

ਸਾਲ ਚੜ੍ਹਦੇ ਲਹਿੰਦੇ
ਉਮਰਾਂ ਨਾਲ ਜੁੜਦੇ
ਤੇ ਉਹ ਇਕ ਦੂਸਰੇ ਦੇ ਸਿਆਣੇ ਹੋਣ ਦੀ
ਉਡੀਕ ਕਰਦੇ
•

*Original with;*
Jaswant Singh Zafar
*Digitized by;*
Panjab Digital Library

## ਅਰਦਾਸ

ਜਿੰਨੀ ਕੁ ਦੇਣੀ ਜ਼ਿੰਦਗੀ ਜਿਉਣ ਦਾ ਅਹਿਸਾਸ ਦਈਂ
ਥੋੜ੍ਹੀ ਤੋਂ ਥੋੜ੍ਹੀ ਭੁੱਖ ਤੇ ਬਹੁਤੀ ਤੋਂ ਬਹੁਤੀ ਪਿਆਸ ਦਈਂ

ਹਰ ਪਰ ਨੂੰ ਪਰਵਾਜ਼ ਤੇ ਹਰ ਪੇਟ ਨੂੰ ਦਾਣਾ ਮਿਲੇ
ਸਭ ਜੜਾਂ ਨੂੰ ਮਿੱਟੀ ਦਈਂ ਸਿਖਰਾਂ ਨੂੰ ਆਕਾਸ ਦਈਂ

ਸੁੱਖ ਲਈ ਤਰਲਾ ਅਤੇ ਦੁੱਖ ਤੋਂ ਇਨਕਾਰ ਨਹੀਂ ਪਰ
ਦੁੱਖ ਨਾਲ ਸ਼ਿਕਵੇਂ ਦੀ ਥਾਂ ਜਿਗਰਾ ਦਈਂ ਧਰਵਾਸ ਦਈਂ

ਲੋਅ ਦਾ ਝੂਠਾ ਚਾਅ ਤੇ ਨੇਰ੍ਹੇ ਦਾ ਸੱਚਾ ਖੌਫ਼ ਨਾ ਦਈਂ
ਦਿਨੇਂ ਜਗਦੀ ਅੱਖ ਦਈਂ ਰਾਤੀਂ ਜਗਦੀ ਆਸ ਦਈਂ

ਮੈਂ ਮੈਂ ਮੇਰੀ ਤੇ ਓਸ ਦੀ ਤੂੰ ਤੂੰ ਮੈਂ ਮੈਂ ਨਾ ਬਣੇ
ਹੋਵੇ ਨਾ ਭਾਵੇਂ ਏਕਤਾ ਪਰ ਸੁੱਚਾ ਸਹਿਵਾਸ ਦਈਂ

ਜ਼ਿੰਦਗੀ ਬਿਨ ਸ਼ਹਿਰ ਨਾ ਤੇ ਵਣ ਤੋਂ ਬਿਨ ਨਾ ਜ਼ਿੰਦਗੀ
ਜਿਉਣ ਜੋਗੇ ਸ਼ਹਿਰ ਨੂੰ ਬਣਦਾ ਸਰਦਾ ਬਣਵਾਸ ਦਈਂ

•

*Original with;*
Jaswant Singh Zafar
*Digitized by;*
Panjab Digital Library

## ਇਕ ’ਚ ਅਨੇਕ

ਇਕ ਤਾਰੇ ਨਾਲ
ਸੈਂਕੜੇ ਨਜ਼ਾਰੇ ਵੇ
ਤੈਨੂੰ ਕਿਉਂ ਇਕ ਨਾ ਦਿਸੇ
ਮੇਰੇ ਤਾਰੇ ਕਿਧਰੇ ਛਿਪੇ

ਇਕ ਤਾਰ ਵਿਚ
ਤਰਜ਼ਾਂ ਹਜ਼ਾਰ ਵੇ
ਤੈਨੂੰ ਕਿਉਂ ਇਕ ਨਾ ਸੁਣੇ
ਮੇਰੇ ਕੋਲੋਂ ਇਕ ਨਾ ਛਿੜੇ

*Original with;*
Jaswant Singh Zafar
*Digitized by;*
Panjab Digital Library

ਇਕ ਅੱਖ ਵਿਚ
ਸੁਪਨੇ ਕਈ ਲੱਖ ਵੇ
ਤੇਰਾ ਕਿਉਂ ਇਕ ਨਾ ਬਣੇ
ਮੇਰੇ ਕੋਲੋਂ ਇਕ ਨਾ ਜਗੇ

ਇਕ ਲੋੜ ਲਈ
ਖੇਚਲਾਂ ਕਰੋੜ ਵੇ
ਜਿੰਦ ਕਿਵੇਂ ਅੰਬਰੀਂ ਉਡ਼ੇ
ਹਰ ਵੇਲੇ ਸੂਲੀ ਤੇ ਚੜ੍ਹੇ

ਇਕ ਦੇਹ ਵਿਚ
ਅਣਮਿਣੀ ਤੇਹ ਵੇ
ਜਿਹੜੀ ਨਾ ਮਿਟਾਏ ਤੋਂ ਮਿਟੇ
ਤੇਰੇ ਕੋਲੋਂ ਘੁੱਟ ਨਾ ਸਰੇ

ਇਕ ਰੱਬ ਵਿਚ
ਆ ਜਾਣ ਸਭ ਵੇ
ਤੈਨੂੰ ਇਕ ਮਿਕ ਨਾ ਲੱਗੇ
ਮੈਨੂੰ ਵੱਖ ਵੱਖ ਹੀ ਦਿਸੇ

•

*Original with;*
Jaswant Singh Zafar
*Digitized by;*
Panjab Digital Library

## ਵੇ ਰਾਂਝਣਾ

ਜਿਹੜੇ ਰੰਗ ਵਿਚ ਤੂੰ ਰੰਗਿਆ ਏਂ
ਅਸੀਂ ਵੀ ਓਸੇ ਰੰਗ ਦੇ ਹਾਂ

ਜਿਹੜੇ ਡੰਗ ਦਾ ਤੂੰ ਡੰਗਿਆ ਏਂ
ਡੰਗੇ ਓਸੇ ਡੰਗ ਦੇ ਹਾਂ

ਰੱਬ ਕੋਲੋਂ ਤੂੰ ਸਾਨੂੰ ਮੰਗਦਾ
ਅਸੀਂ ਵੀ ਤੈਨੂੰ ਮੰਗਦੇ ਹਾਂ

ਤੇਰੇ ਵਡੇਰੇ ਜੇ ਤਖ਼ਤ ਹਜ਼ਾਰੇ
ਅਸੀਂ ਵੀ ਪਿੱਛਿਓਂ ਝੰਗ ਦੇ ਹਾਂ

•

*Original with;*
Jaswant Singh Zafar
*Digitized by;*
Panjab Digital Library

## ਨਦੀਏ ਨੀਂ

ਨਦੀਏ ਨੀਂ ਪਿਆਰੀਏ ਨਦੀਏ
ਮਿਲਣ ਤੈਨੂੰ ਜਦ ਆਵਾਂ
ਮੈਂ ਤੇਰੇ ਤੋਂ ਤੈਨੂੰ ਮੰਗਾਂ
ਤੂੰ ਮੈਥੋਂ ਸਿਰਨਾਵਾਂ

ਨਾ ਹਿਰਖਾਂ ਨਾ ਚੀਕ ਪੁਕਾਰਾਂ
ਨੀਰ ਤੇਰੇ ਦੇ ਛਿੱਟੇ ਮਾਰਾਂ
ਚੋਭੀ ਅੱਖ ਹਵਾਵਾਂ

ਹਰ ਥਲ ਦਾ ਕੋਈ ਤਲ ਹੁੰਦਾ
ਮੇਰਾ ਆਪਾ ਜਲ ਥਲ ਹੁੰਦਾ
ਜਦ ਤੇਰੇ ਵਿਚ ਨ੍ਹਾਵਾਂ

*Original with;*
Jaswant Singh Zafar
*Digitized by;*
Panjab Digital Library

ਬਦਨ ਤੇਰੀ ਰੂਹ ਦਾ ਪਹਿਰਾਵਾ
ਇਹ ਪਹਿਰਾਵਾ ਨਹੀਂ ਛਲਾਵਾ
ਹੱਥ ਲਾਵਾਂ ਕਿ ਨਾ ਲਾਵਾਂ

ਤੂੰ ਤੇ ਮੈਂ ਨਾ ਭਾਵੇਂ ਹਾਣੀ
ਪਾਣੀ ਜੇਡ ਪਿਆਸ ਪੁਰਾਣੀ
ਪੀਵਾਂ ਕਿ ਮਰ ਜਾਵਾਂ

ਕੀ ਲੈਣਾ ਜਾ ਪਰਲੇ ਕੰਢੇ
ਹਰ ਕੰਢਾ ਜੋੜੇ ਤੇ ਵੰਡੇ
ਮੈਂ ਵਿਚ ਡੁੱਬਣਾ ਚਾਹਵਾਂ

ਆਦਿ ਅੰਤ ਬਿਨ ਤੂੰ ਲੰਮੇਰੀ
ਡੂੰਘੀ ਰਾਤ ਦੇ ਵਾਂਗ ਡੂੰਘੇਰੀ
ਮੈਂ ਇਕ ਕਿਣਕਾ ਗਾਵਾਂ

ਨਦੀਏ ਨੀਂ ਪਿਆਰੀਏ ਨਦੀਏ
ਮਿਲਣ ਤੈਨੂੰ ਜਦ ਆਵਾਂ
ਮੈਂ ਤੇਰੇ ਤੋਂ ਤੈਨੂੰ ਮੰਗਾਂ
ਤੂੰ ਮੈਥੋਂ ਸਿਰਨਾਵਾਂ

•

*Original with;*
Jaswant Singh Zafar
*Digitized by;*
Panjab Digital Library

## ਕਵੀ ਇਕੱਲਾ ਕਵਿਤਾ ਨਹੀਂ ਲਿਖਦਾ

ਕਿੰਨੀਆਂ ਗਰਮੀਆਂ ਸਰਦੀਆਂ
ਦ੍ਰਿਸ਼ ਤੇ ਆਵਾਜ਼ਾਂ
ਅਨੁਭਵ ਬੋਧ
ਸੁਆਦ ਤੇ ਸੋਹਜ
ਕਿੰਨੇ ਰਸਤਿਆਂ ਤੋਂ
ਕਵੀ ਤੱਕ ਆਉਂਦੇ
ਰਲ਼ ਕੇ ਓਸ ਤੋਂ ਕਵਿਤਾ ਲਿਖਵਾਉਂਦੇ
ਕਵੀ ਇਕੱਲਾ ਕਵਿਤਾ ਨਹੀਂ ਲਿਖਦਾ

*Original with;*
Jaswant Singh Zafar
*Digitized by;*
Panjab Digital Library

ਜੋ ਸਭ ਕਾਸੇ ਨੂੰ ਆਪਣੇ ਤੱਕ ਆਉਣ ਦਿੰਦਾ
ਆਪਣੇ ਰਾਹੀਂ ਕਵਿਤਾ ਲਿਖਣ ਦਿੰਦਾ
ਕਵੀ ਅਖਵਾਉਂਦਾ
ਉਂਜ ਕਵੀ ਇਕੱਲਾ ਕਵਿਤਾ ਨਹੀਂ ਲਿਖਦਾ

ਕਵੀ ਜਦ ਕਵਿਤਾ ਗਾਉਂਦਾ
ਸੁਣਾਉਂਦਾ
ਪੜ੍ਹਾਉਂਦਾ
ਸ਼ਾਬਾਸ਼ੇ ਪ੍ਰਸੰਸਾ ਦਾਦ ਉਗਰ੍ਹਾਉਂਦਾ
ਜੋ ਇਸ ਸਭ ਕਾਸੇ ਨੂੰ
ਉਹਨਾਂ ਸਾਰਿਆਂ ਤੱਕ ਨਹੀਂ ਪਹੁੰਚਾਉਂਦਾ
ਜੋ ਉਸ ਨਾਲ ਰਲ਼ ਕੇ ਕਵਿਤਾ ਰਚਦੇ
ਤਾਂ ਕਵੀ
ਸਭ ਤੋਂ ਵੱਧ ਭ੍ਰਿਸ਼ਟਾਚਾਰੀ ਹੈ

ਪਰ ਇਸ ਭ੍ਰਿਸ਼ਟਾਚਾਰ ਦੀ ਖ਼ਬਰ
ਕਿਸੇ ਅਖ਼ਬਾਰ ਵਿਚ ਨਹੀਂ ਛਪਦੀ

•

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

B-089567



ਜਸਵੰਤ ਜ਼ਫ਼ਰ ਬਹੁਤ ਬਾਰੀਕ ਅਵਲੋਕਨ ਵਾਲਾ ਦਾਨਸ਼ਵਰ ਹੈ। ਉਹ ਕਵਿਤਾ ਇਉਂ ਲਿਖਦਾ ਹੈ ਜਿਵੇਂ ਕੋਈ ਕਿਸੇ ਬਹੁਤ ਮਹਿੰਗੀ ਵਸਤ ਨੂੰ ਤੋਲ ਰਿਹਾ ਹੋਵੇ। ਜਾਲਉ ਐਸੀ ਰੀਤਿ ਜਿਤੁ ਮੈਂ ਪਿਆਰਾ ਵੀਸਰੈ... ਇਸ ਨਾਨਕ-ਨਦਰ ਦੀ ਲੋਏ ਉਹ ਰੀਤਾਂ ਮਰਯਾਦਾਵਾਂ ਦੀ ਥਾਂ ਕਾਇਨਾਤ ਅਤੇ ਮਾਨਵ ਦੀ ਪਿਆਰ ਭਰੀ ਸੰਭਾਲ ਅਤੇ ਵਿਗਾਸ ਲਈ ਅੱਖਰ ਲਿਖਦਾ ਹੈ। ਬਾਦੀ ਨਹੀਂ ਖੋਜੀ ਹੋਣਾ ਉਸਦਾ ਆਦਰਸ਼ ਹੈ। ਉਹ ਵਸਤੂਆਂ, ਵਰਤਾਰਿਆਂ ਤੇ ਵਿਅਕਤੀਆਂ ਨੂੰ ਆਪਣੇ ਮੌਲਿਕ, ਨਿਰਪੱਖ ਤੇ ਬੇਬਾਕ ਤਰੀਕੇ ਨਾਲ ਪਰਿਭਾਸ਼ਿਤ ਕਰਦਾ ਹੈ। ਉਹ ਵਿਵੇਕ, ਵਿਨੋਦ ਤੇ ਵਿਡੰਬਨਾ ਵਾਲਾ ਸ਼ਖ਼ਸ ਹੈ। ਇਸ ਗੱਲੋਂ ਉਹ ਸਾਡਾ ਵਿਲੱਖਣ ਅਤੇ ਸਮਰੱਥ ਕਵੀ ਹੈ ਜੋ ਆਪਣੀ ਰਚਨਾ ਦੁਆਰਾ ਸੋਚ ਦੇ ਨਵੇਂ ਦਰ ਖੋਲ੍ਹਦਾ ਹੈ।

ਸੁਰਜੀਤ ਪਾਤਰ

A Group of
**Chetna Parkashan**
Ludhiana | Kotkapura | Canada | USA
ISBN 817883635-1
9788178836355
EH BANDA KI HUNDA
₹150/-

Original with;
Jaswant Singh Zafar
Digitized by;
Panjab Digital Library